A1 Roofing & Siding Ltd.
• ROOFING • SIDING • SOFFIT • STUCCO • HARDIE • FASCIA • EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 12 No: 276 Website : www.punjabiakhbaar.ca Email: editor@punjabiakhbaar.ca Friday, 19 September 2025

# ਕਿੱਧਰ ਜਾਈਏ, ਜਵਾਨੀ ਨੂੰ ਨਾ ਮਿਲੇ ਦੁਆਨੀ

**ਚਰਨਜੀਤ ਭੁੱਲਰ**

---------------

ਅੰਮ੍ਰਿਤਸਰ ਜ਼ਿਲ੍ਹੇ ਦਾ ਲਾਲ ਬਹਾਦਰ ਸ਼ਾਸਤਰੀ ਪੰਜਾਬ ਦਾ ਇਕਲੌਤਾ ਬੇਰੁਜ਼ਗਾਰ ਹੈ ਜਿਸ ਨੂੰ ਸਰਕਾਰੀ ਖ਼ਜ਼ਾਨੇ ’ਚੋਂ ‘ਬੇਕਾਰੀ ਭੱਤਾ’ ਮਿਲ ਰਿਹਾ ਹੈ। ਕੀ ਪੰਜਾਬ ’ਚ ਬੇਰੁਜ਼ਗਾਰੀ ਖ਼ਤਮ ਹੋ ਗਈ ਹੈ ? ਬੇਕਾਰੀ ਭੱਤਾ ਲੈਣ ਵਾਲੇ ਅੰਕੜਿਆਂ ਤੋਂ ਇਹ ਸੁਆਲ ਸੱਚ ਜਾਪਦਾ ਹੈ। ਸ਼ਾਸਤਰੀ ਨੂੰ 150 ਰੁਪਏ ਪ੍ਰਤੀ ਮਹੀਨਾ ਬੇਕਾਰੀ ਭੱਤਾ ਮਿਲ ਰਿਹਾ ਹੈ। ਇਸ ਤੋਂ ਪਹਿਲਾਂ ਜ਼ਿਲ੍ਹਾ ਮੋਗਾ ਦੇ ਪਿੰਡ ਡਗਰੂ ਦਾ ਨੌਜਵਾਨ ਸੰਦੀਪ ਸਿੰਘ ਬੇਕਾਰੀ ਭੱਤਾ ਲੈ ਰਿਹਾ ਸੀ ਪ੍ਰੰਤੂ ਪੰਜ ਸਾਲ ਪਹਿਲਾਂ ਪਤਾ ਲੱਗਿਆ ਕਿ ਉਹ ਨਿਯਮਾਂ ਦੀ ਪੂਰਤੀ ਨਹੀਂ ਕਰਦਾ ਜਿਸ ਕਾਰਨ ਉਸ ਦਾ ਬੇਕਾਰੀ ਭੱਤਾ ਫ਼ੌਰੀ ਬੰਦ ਕਰ ਦਿੱਤਾ ਗਿਆ ਸੀ। ਕੈਪਟਨ ਅਮਰਿੰਦਰ ਸਿੰਘ ਦੀ ਹਕੂਮਤ ਨੇ ਵਾਅਦਾ ਕੀਤਾ ਸੀ ਕਿ ਬੇਰੁਜ਼ਗਾਰੀ ਭੱਤੇ ਦੀ ਰਾਸ਼ੀ 2500 ਰੁਪਏ ਕੀਤੀ ਜਾਵੇਗੀ। ਮਗਰੋਂ ਨਾ ਭੱਤੇ ਦੀ ਰਾਸ਼ੀ ਵਧੀ ਅਤੇ ਨਾ ਹੀ ਉਨ੍ਹਾਂ ਦੀ ਗਿਣਤੀ। ਕਾਂਗਰਸ ਸਰਕਾਰ ਨੇ ‘ਘਰ ਘਰ ਰੁਜ਼ਗਾਰ’ ਦੀ ਗੂੰਜ ਪਾਈ ਰੱਖੀ। ਪੰਜਾਬ ਦੇ ਰੁਜ਼ਗਾਰ ਦਫ਼ਤਰਾਂ ਵਿਚ ਮੌਜੂਦਾ ਸਮੇਂ ’ਚ 1.25 ਲੱਖ ਬੇਰੁਜ਼ਗਾਰ ਹਨ ਪਰ ਬੇਕਾਰੀ ਭੱਤਾ ਲੈਣ ਦੇ ਕੋਈ ਵੀ ਯੋਗ ਨਹੀਂ ਹੈ। ਪੰਜਾਬ ਸਰਕਾਰ ਨੇ 11 ਜਨਵਰੀ, 1979 ਨੂੰ ਨੇਮ ਬਣਾਏ ਸਨ, ਜਿਨ੍ਹਾਂ ’ਚ ਕਿਸੇ ਵੀ ਸਰਕਾਰ ਨੇ ਕਦੇ ਸੋਧ ਕਰਨ ਦੀ ਲੋੜ ਹੀ ਨਹੀਂ ਸਮਝੀ। ਪੁਰਾਣੇ ਨਿਯਮਾਂ ਅਨੁਸਾਰ ਬੇਕਾਰੀ ਭੱਤਾ ਉਹ ਵਿਅਕਤੀ ਹੀ ਲੈ ਸਕਦਾ ਹੈ ਜੋ ਤਿੰਨ ਸਾਲ ਤੋਂ ਰੁਜ਼ਗਾਰ ਦਫ਼ਤਰ ’ਚ ਰਜਿਸਟਰਡ ਹੋਵੇ ਅਤੇ ਉਸ ਦੇ ਪਰਿਵਾਰ ਦੀ ਪ੍ਰਤੀ ਮਹੀਨਾ ਆਮਦਨ ਇੱਕ ਹਜ਼ਾਰ ਰੁਪਏ ਤੋਂ ਜ਼ਿਆਦਾ ਨਾ ਹੋਵੇ। ਮਤਲਬ ਕਿ ਬੇਰੁਜ਼ਗਾਰ ਵਿਅਕਤੀ ਦੇ ਪਰਿਵਾਰ ਦੀ ਰੋਜ਼ਾਨਾ ਆਮਦਨ 33 ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ ਹੈ। ਇਹੋ ਅੜਿੱਕਾ ਹੈ ਕਿ ਕੋਈ ਵੀ ਬੇਰੁਜ਼ਗਾਰ, ਬੇਕਾਰੀ ਭੱਤਾ ਲੈਣ ਦੇ ਯੋਗ ਨਹੀਂ ਹੈ। ਹਾਲਾਂਕਿ ਇਹ ਭੱਤਾ ਸਰਕਾਰ ਵੱਲੋਂ ਸਿਰਫ਼ ਤਿੰਨ ਸਾਲ ਹੀ ਦਿੱਤਾ ਜਾਂਦਾ ਹੈ। ਵੇਰਵਿਆਂ ਅਨੁਸਾਰ ਸਾਲ 2006-07 ’ਚ ਸੂਬੇ ’ਚ 4803 ਬੇਰੁਜ਼ਗਾਰ ਬੇਕਾਰੀ ਭੱਤਾ ਲੈ ਰਹੇ ਸਨ ਜਿਨ੍ਹਾਂ ਦੀ ਸਾਲ 2010-11 ’ਚ ਗਿਣਤੀ 1808, ਸਾਲ 2013-14 ’ਚ 309 ਅਤੇ 2016-17 ’ਚ ਗਿਣਤੀ 134 ਰਹਿ ਗਈ ਸੀ। ਇਸ ਮਗਰੋਂ ਬੇਰੁਜ਼ਗਾਰਾਂ ਦਾ ਅੰਕੜਾ ਲਗਾਤਾਰ ਘਟਦਾ ਗਿਆ।

ਸਾਲ 2019-20 ’ਚ ਸਿਰਫ਼ 42 ਬੇਰੁਜ਼ਗਾਰ ਰਹਿ ਗਏ ਸਨ ਅਤੇ 2022-23 ’ਚ ਬੇਕਾਰੀ ਭੱਤਾ ਲੈਣ ਵਾਲਿਆਂ ਦਾ ਅੰਕੜਾ ਨਿਲ ਹੋ ਗਿਆ। ਬੀਤੇ ਵਿੱਤੀ ਸਾਲ 2024-25 ’ਚ ਇਕਲੌਤਾ ਬੇਰੁਜ਼ਗਾਰ ਬਚਿਆ ਹੈ ਜਿਸ ਨੂੰ ਸਰਕਾਰੀ ਖ਼ਜ਼ਾਨੇ ’ਚੋਂ 150 ਰੁਪਏ



ਪ੍ਰਤੀ ਮਹੀਨੇ ਭੱਤਾ ਮਿਲ ਰਿਹਾ ਹੈ। ਨਿਯਮਾਂ ਅਨੁਸਾਰ ਮੈਟ੍ਰਿਕ/ਅੰਡਰ ਗਰੈਜੂਏਟ ਬੇਰੁਜ਼ਗਾਰ ਨੂੰ 150 ਰੁਪਏ ਅਤੇ ਗਰੈਜੂਏਟ/ਪੋਸਟ ਗਰੈਜੂਏਟ ਬੇਰੁਜ਼ਗਾਰ ਨੂੰ 200 ਰੁਪਏ ਪ੍ਰਤੀ ਮਹੀਨਾ ਬੇਕਾਰੀ ਭੱਤਾ ਦਿੱਤਾ ਜਾਂਦਾ ਹੈ। ਪੰਜਾਬ ਸਰਕਾਰ ਨੇ 1 ਜੁਲਾਈ, 2005 ਨੂੰ ਅੰਗਹੀਣ ਬੇਰੁਜ਼ਗਾਰਾਂ ਦਾ ਭੱਤਾ ਅਲੱਗ-ਅਲੱਗ ਕੈਟਾਗਰੀ ਤਹਿਤ 225 ਤੋਂ ਲੈ ਕੇ 600 ਰੁਪਏ ਤੱਕ ਵਧਾ ਦਿੱਤਾ ਸੀ ਜਦੋਂ ਕਿ ਅੰਗਹੀਣ ਵਿਅਕਤੀ ਪਹਿਲਾਂ ਹੀ ਸਰਕਾਰ ਤੋਂ ਬੇਕਾਰੀ ਭੱਤੇ ਨਾਲੋਂ ਜ਼ਿਆਦਾ ਪੈਨਸ਼ਨ ਲੈ ਰਹੇ ਹਨ। ਸੂਬੇ ਦੇ ਹਰ ਜ਼ਿਲ੍ਹੇ ’ਚ ਜ਼ਿਲ੍ਹਾ ਰੁਜ਼ਗਾਰ ਦਫ਼ਤਰ ਬਣੇ ਹੋਏ ਹਨ ਜਦੋਂ ਕਿ ਕੈਪਟਨ ਸਰਕਾਰ ਨੇ 30 ਜੂਨ, 2017 ਨੂੰ 20 ਟਾਊਨ ਰੁਜ਼ਗਾਰ ਦਫ਼ਤਰ ਬੰਦ ਕਰ ਦਿੱਤੇ ਸਨ।

ਮੌਜੂਦਾ ‘ਆਪ’ ਸਰਕਾਰ ਦਾ ਦਾਅਵਾ ਹੈ ਕਿ 50 ਹਜ਼ਾਰ ਤੋਂ ਜ਼ਿਆਦਾ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ ਪਰ ਹਕੀਕਤ ਇਹ ਵੀ ਹੈ ਕਿ ਸੜਕਾਂ ’ਤੇ ਬੇਰੁਜ਼ਗਾਰ ਨੌਜਵਾਨ ਕੂਕ ਰਹੇ ਹਨ। ਪੰਜਾਬ ’ਚ ਬੇਰੁਜ਼ਗਾਰੀ ਦੀ ਇੱਕ ਵੱਖਰੀ ਤਸਵੀਰ ਵੀ ਉੱਭਰ ਰਹੀ ਹੈ। ਸੂਬੇ ’ਚ ਬੇਰੁਜ਼ਗਾਰ ਅਧਿਆਪਕਾਂ ਦਾ ਸਾਲ 1978 ’ਚ ਹੋਇਆ ਅੰਦੋਲਨ ਅੱਜ ਤੱਕ ਚੇਤਿਆਂ ’ਚ ਹੈ ਜਿਸ ’ਚ ਬੇਰੁਜ਼ਗਾਰ ਅਧਿਆਪਕ ਸ਼ਹੀਦੀ ਵੀ ਪਾ ਗਏ ਸਨ। ਵੱਖ ਵੱਖ ਵਰ੍ਹਿਆਂ ਦੌਰਾਨ ਇਹ ਅੰਦੋਲਨ ਜਾਰੀ ਰਹੇ। ਸਾਲ 2005 ’ਚ ਬੇਰੁਜ਼ਗਾਰ ਸਾਂਝਾ ਮੋਰਚਾ ਬਣਿਆ ਜਿਸ ’ਚ ਪੰਜ ਕੈਟਾਗਰੀਆਂ ਦੇ ਬੇਰੁਜ਼ਗਾਰ ਅਧਿਆਪਕ ਸ਼ਾਮਲ ਹੋਏ। ਹੈਰਾਨੀ ਵਾਲੀ ਗੱਲ ਹੈ ਕਿ ਪੰਜਾਬ ’ਚ ਹੁਣ ਬੇਰੁਜ਼ਗਾਰ ਓਵਰਏਜ ਯੂਨੀਅਨ ਵੀ ਬਣ ਗਈ ਹੈ। ਇਹ ਬੇਰੁਜ਼ਗਾਰ ਕਈ ਕਈ ਸਰਕਾਰਾਂ ਵੇਖ ਚੁੱਕੇ ਹਨ ਪ੍ਰੰਤੂ ਇਨ੍ਹਾਂ ਨੂੰ ਸਿਵਾਏ ਲਾਰਿਆਂ ਤੇ ਵਾਅਦਿਆਂ ਤੋਂ ਕੁੱਝ ਨਹੀਂ ਮਿਲਿਆ। ਬੇਰੁਜ਼ਗਾਰ ਸਾਂਝੇ ਮੋਰਚੇ ਦਾ ਕਨਵੀਨਰ ਸੁਖਵਿੰਦਰ ਸਿੰਘ ਢਿਲਵਾਂ, ਜੋ ਖ਼ੁਦ ਵੀ 20 ਵਰ੍ਹਿਆਂ ਤੋਂ ਸੰਘਰਸ਼ ਦੇ ਰਾਹ ’ਤੇ ਚੱਲਿਆ ਹੋਇਆ ਹੈ, 46 ਵਰ੍ਹਿਆਂ ਦਾ ਹੋ ਚੁੱਕਾ ਹੈ ਪ੍ਰੰਤੂ ਉਸ ਲਈ ਰੁਜ਼ਗਾਰ ਸੁਪਨਾ ਹੋ ਗਿਆ ਹੈ। ਸੁਖਵਿੰਦਰ ਸਿੰਘ ਨੇ ਕਿਹਾ ਕਿ ‘ਆਪ’ ਸਰਕਾਰ ਵੱਲੋਂ ਕੀਤੇ ਵਾਅਦੇ ਵੀ ਵਫ਼ਾ ਨਹੀਂ ਹੋਏ ਹਨ। ਉਹ ਸੰਘਰਸ਼ਾਂ ਦੌਰਾਨ ਦੋ ਦਰਜਨ ਦੇ ਕਰੀਬ ਪੁਲੀਸ ਥਾਣੇ ਵੀ ਦੇਖ ਚੁੱਕਾ ਹੈ। ਰੁਜ਼ਗਾਰ ਮੰਗਣ ਬਦਲੇ ਉਸ ਨੂੰ ਕਈ ਵਾਰ ਲਾਠੀਚਾਰਜ ਝੱਲਣਾ ਪਿਆ ਅਤੇ ਚਾਰ-ਪੰਜ ਵਾਰ ਜ਼ਖ਼ਮੀ ਹਾਲਤ ’ਚ ਹਸਪਤਾਲ ਵੀ ਜਾਣਾ ਪਿਆ। ਕਨਵੀਨਰ ਢਿਲਵਾਂ ਦੀ ਮੰਗ ਹੈ ਕਿ ਪੰਜਾਬ ਸਰਕਾਰ ਨੌਕਰੀ ਲਈ ਉਪਰਲੀ ਹੱਦ ਵਿੱਚ ਵਾਧਾ ਕਰੇ। ਬੇਰੁਜ਼ਗਾਰ ਓਵਰਏਜ ਯੂਨੀਅਨ ਦੀ ਕਨਵੀਨਰ ਰਮਨ ਉਮਰ ਹੱਦ ’ਚ ਵਾਧੇ ਦੀ ਮੰਗ ਕਰ ਰਹੀ ਹੈ। ਪਟਿਆਲਾ ਦੀ ਬੇਰੁਜ਼ਗਾਰ ਲੜਕੀ ਲਲਿਤਾ ਫੁੱਟਬਾਲ ’ਚ ਗੋਲਡ ਮੈਡਲਿਸਟ ਹੈ ਅਤੇ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਹੈ ਪ੍ਰੰਤੂ ਰੁਜ਼ਗਾਰ ਦੀ ਤਲਾਸ਼ ਕਰਦੀ-ਕਰਦੀ ਆਪਣੀ ਉਮਰ ਹੱਦ ਵੀ ਲੰਘਾ ਚੁੱਕੀ ਹੈ। ਉਹ ਸਰਕਾਰ ਤੋਂ ਇੱਕ ਮੌਕਾ ਮੰਗ ਰਹੀ ਹੈ। ਉਸ ਨੂੰ ਮਿਹਨਤ ਦਾ ਮੁੱਲ ਨਹੀਂ ਮਿਲਿਆ।

22.12 ਲੱਖ ਨੌਜਵਾਨ ਨੌਕਰੀ ਦੀ ਕਤਾਰ ’ਚ

ਪੰਜਾਬ ਸਰਕਾਰ ਦੇ ਪੋਰਟਲ ਅਨੁਸਾਰ 22.12 ਲੱਖ ਨੌਜਵਾਨ ਨੌਕਰੀ ਲੈਣ ਲਈ ਕਤਾਰ ਵਿੱਚ ਹਨ। ਬੇਰੁਜ਼ਗਾਰ ਨੌਜਵਾਨ ਪਿਛਲੇ ਵੀਹ ਵਰ੍ਹਿਆਂ ਤੋਂ ਹਰ ਮੁੱਖ ਮੰਤਰੀ ਦੇ ਘਰ ਅੱਗੇ ਪ੍ਰਦਰਸ਼ਨ ਕਰ ਚੁੱਕੇ ਹਨ ਅਤੇ ਮੀਟਿੰਗਾਂ ਕਰ ਚੁੱਕੇ ਹਨ ਪ੍ਰੰਤੂ ਕਿਸੇ ਘਰੋਂ ਵੀ ਉਨ੍ਹਾਂ ਨੂੰ ਖ਼ੈਰ ਨਹੀਂ ਪਈ। ਨੌਕਰੀ ਤਾਂ ਦੂਰ ਦੀ ਗੱਲ, ਇਨ੍ਹਾਂ ਨੌਜਵਾਨਾਂ ਨੂੰ ਬੇਕਾਰੀ ਭੱਤਾ ਵੀ ਨਸੀਬ ਨਹੀਂ ਹੋ ਰਿਹਾ ਹੈ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner harmanb@bnadebtsolutions.ca
Simmie Pandher Senior Administrator Simmiep@bnadebtsolutions.ca
• Licensed Insolvency Trustees • Proposal Administrators
BNA Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB Regulated Canadian Immigration Consultant
• Student Visa • Work permit • Visitor Visa • LMIA • PR Application
• Refugee Cases and Appeals • PNP Family Sponsorship • Citizenship • Nanny Caregiver • USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
Green Plaza Unit 232, 4818 Westwinds Dr NE Calgary AB T3J 3Z5

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM

ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ
App Store
Play Store

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE , Calgary, AB T3J 4L8

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

SAHIL MITTU
Director
Affinity CABINETS
• Closets • Wet Bars • Book Shelving • Cabinetry
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ, ਵੈੱਟਬਾਰ, ਬੁੱਕ ਸ਼ੈਲਫ਼ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

Sunder Building Supplies Ltd.
We believe in quality
• CRC Roofing Supplies • Drywall, Insulation • Sound Control Products • Stucco, T-Bar Ceiling • Manufactdured Stone • Steel Studs & • Accessories
Stucco Paper Flashing Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB

SHORY LAW LLP
• IMMIGRATION • BUSINESS • CRIMINAL • REAL ESTATE
www.shorylaw.com (403) 216-1199
220 - 4851 Westwinds Dr. N.E., Calgary
@shorylaw
Chetan Shory Sarvesh Jeet Devinder Shory Jatin Shory

# ਪੱਤਝੜ ਵਿੱਚ ਬੱਚਤਾਂ









## ਆਪਣੇ ਸੁਪਨਿਆਂ ਦਾ ਘਰ, ਸਕੂਲ, ਨਿੱਤ ਦੇ ਵਿਓਹਾਰ, ਜਾਂ ਆਪਣੇ ਭਾਈਚਾਰੇ ਨੂੰ ਬਦਲੇ ਬਿਨਾਂ ਹੀ ਲੱਭੋ।

ਤੁਸੀਂ ਆਪਣੇ ਆਂਢ-ਗੁਆਂਢ ਨੂੰ ਪਿਆਰ ਕਰਦੇ ਹੋ। ਸਕੂਲ ਬਹੁਤ ਵਧੀਆ ਹਨ, ਤੁਹਾਡੇ ਗੁਆਂਢੀ ਦੋਸਤ ਹਨ,ਅਤੇ ਤੁਹਾਡੀ ਰੋਜ਼ਾਨਾ ਜ਼ਿੰਦਗੀ ਕੰਮ ਦੀ ਤਰਾਂ ਲੰਘ ਰਹੀ ਹੈ। ਪਰ ਤੁਹਾਡਾ ਮੌਜੂਦਾ ਘਰ? ਇਹ ਥੋੜ੍ਹਾ ਤੰਗ ਮਹਿਸੂਸ ਹੋਣ ਲੱਗਾ ਹੈ।

ਆਪਣੇ ਮੌਜੂਦਾ ਆਂਢ-ਗੁਆਂਢ ਤੋਂ ਬਾਹਰ ਜਾਣ ਤੋਂ ਬਿਨਾਂ ਹੀ ਹੁਣ ਤੁਸੀਂ ਵੱਡੇ ਘਰ ਵਿੱਚ ਜਾ ਸਕਦੇ ਹੋ



**Single Family Homes From The High $600's**

3 ਜਾਂ 4 ਬੈੱਡਰੂਮ+ਬੋਨਸ ਰੂਮ+ਆਫਿਸ, 3 ਬਾਥਰੂਮ
2,068 ਤੋਂ 2,724 ਵਰਗ ਫੁੱਟ ਮੇਨ ਲਿਵਿੰਗ ਏਰੀਆ
ਕਾਨੂੰਨੀ ਆਮਦਨ ਸੂਟ ਵਿਕਲਪਾਂ ਦੇ ਨਾਲ
ਫਰੰਟ ਅਟੈਚਡ ਡਬਲ ਗੈਰਾਜ

- ਹਰੇ ਭਰੇ ਰਸਤੇ 'ਤੇ ਪਿੱਛੇ
- ਸਪਾ-ਪ੍ਰੇਰਿਤ ਐਨਸੂਇਟ ਦੇ ਨਾਲ ਪ੍ਰਾਇਮਰੀ ਬੈੱਡਰੂਮ ਵਿੱਚ ਵਾਲਟਡ ਛੱਤ
- ਸੈਕੰਡਰੀ ਬੈੱਡਰੂਮਾਂ ਲਈ ਵਿਕਲਪਿਕ ਪ੍ਰਾਈਵੇਟ ਐਨਸੂਇਟ
- ਗ੍ਰੈਂਡ ਫੋਅਰ, ਵਾਕ-ਇਨ ਪੈਂਟਰੀ, ਅਤੇ ਵੱਖਰਾ ਮਡਰੂਮ
- ਬਹੁ-ਪੀੜ੍ਹੀ ਰਹਿਣ-ਸਹਿਣ ਜਾਂ ਕਿਰਾਏ ਦੀ ਆਮਦਨ ਲਈ ਆਦਰਸ਼

**TOUR OUR SHOWHOME**

132 Copperhead Road SE.,Calgary T2Z 5H6
Tel: 587.674.3438
COPPERSTONELIVING.COM

Showhome now open:
Monday - Wednesday: 2 - 8 PM
Thursday & Friday: Closed
Saturday/Sunday: 12 - 5 PM

VESTA PROPERTIES

Built by Vesta – Over 7,000 homes delivered across Alberta and BC.

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000


ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸ਼ਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ
1 306 520 4313
ਮੁੱਖ ਦਫਤਰ: 1 403 640 2000

Vol: 12 No: 276 Website : www.punjabiakhbaar.ca Email: editor@punjabiakhbaar.ca Friday, 19 September 2025

# ਬਾਬਿਆਂ ਦੀ ਮੈਰਾਥਾਨ ਦੌੜ ਵਿੱਚ ਐਮ ਐਲ ਏ ਭਜਨ ਬਰਾੜ ਵੀ ਖੂਬ ਦੌੜਿਆ



ਰੀਜਾਇਨਾ ਪੰਜਾਬੀ ਅਖਬਾਰ ਬਿਊਰੋ ) ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਰਿਜਾਇਨਾ ਵਿੱਚ ਕੁਈਨ ਸਿਟੀ ਮੈਰਾਥਨ ਦੌੜਾਂ ਕਰਵਾਈਆਂ ਗਈਆਂ ਜਿਸ ਵਿੱਚ ਰੀਜਾਈਨਾ ਦੇ ਬਾਬਿਆਂ ਸੁਖਦੇਵ ਸਿੰਘ ਬਰਾੜ, ਲੈਕਚਰਾਰ ਜੋਗਿੰਦਰ ਸਿੰਘ ਮਾਨ ਨੇ 21 ਕਿਲੋਮੀਟਰ ਦੌੜ ਵਿੱਚ ਹਿੱਸਾ ਲਿਆ। ਭਜਨ ਸਿੰਘ ਬਰਾੜ ਐਮਐਲਏ ਰਿਜਾਈਨਾ ਪਾਸਕੂਆ ਨੇ ਵੀ 10 ਕਿਲੋਮੀਟਰ ਦੌੜ ਵਿੱਚ ਪਹਿਲਾ ਸਥਾਨ ਅਤੇ -ਵਰ ਆਲ ਦੂਜਾ ਸਥਾਨ ਪ੍ਰਾਪਤ ਕਰਕੇ ਨਾ ਸਿਰਫ ਆਪਣਾ 2023 ਵਾਲਾ ਰਿਕਾਰਡ ਵੀ ਤੋੜਿਆ। ਉਹਨਾਂ ਪਿਛਲੇ 24 ਸਾਲਾਂ ਦਾ ਰਿਕਾਰਡ ਵੀ ਆਪਣੇ ਨਾਮ ਕੀਤਾ। ਇਹਨਾਂ ਦੌੜਾ ਸਬੰਧੀ ਗੱਲਬਾਤ ਕਰਦਿਆਂ ਸੁਖਦੇਵ ਸਿੰਘ ਬਰਾੜ ਨੇ ਦੱਸਿਆ ਕਿ ਮੈਂ ਜ਼ਿੰਦਗੀ ਵਿੱਚ ਸਾਲ 2023 ਤੋਂ ਪਹਿਲਾਂ ਕਿਸੇ ਵੀ ਦੌੜ ਵਿੱਚ ਹਿੱਸਾ ਨਹੀਂ ਲਿਆ ਸੀ ਮੈਨੂੰ ਇਹ ਦੌੜਨ ਵਾਲਾ ਜਾਗ ਭਜਨ ਸਿੰਘ ਬਰਾੜ ਜੋ ਕਿ ਹੁਣ ਐਮਐਲਏ ਹਨ ਉਹਨਾਂ ਨੇ ਲਾਇਆ ਹੈ।

# ਰੀਜਾਇਨਾ ਪਾਸਾਕੂਆ ਦੇ ਬਾਰਬੀਕਿਊ ਮੌਕੇ ਲੱਗੀਆਂ ਰੌਣਕਾਂ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਰੀਜਾਇਨਾ ਪਾਸਾਕੂੀਆ ਤੋਂ ਐਮ ਐਲ ਏ ਭਜਨ ਬਰਾੜ ਵੱਲੋਂ ਆਪਣੇ ਹਲਕੇ ਦੇ ਵੋਟਰਾਂ ਦੇ ਧੰਨਵਾਦ ਵੱਜੋਂ ਕਰਵਾਏ ਬਾਰਬੀਕਿਊ ਮੌਕੇ ਵੱਡੀ ਗਿਣਤੀ ਵਿੱਚ ਪੁੱਜੇ ਲੋਕਾਂ ਦੇ ਉਤਸ਼ਾਹ ਨੂੰ ਦੇਖਦਿਆਂ ਭਜਨ ਬਰਾੜ ਦਾ ਕਹਿਣਾ ਸੀ ਕਿ ਮੈਂ ਭਾਈਚਾਰੇ ਦੇ ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਬਾਹਰ ਆ ਕੇ ਇਸ ਸਮਾਗਮ ਨੂੰ ਸਫਲ ਬਣਾਇਆ। ਤੁਹਾਡੇ ਸਾਰਿਆਂ ਨਾਲ ਜੁੜਨਾ ਬਹੁਤ ਵਧੀਆ ਰਿਹਾ। ਮੇਰੇ ਇਸ ਰੀਜਾਇਨਾ ਪਾਸਾਕੂਆ ਹਲਕੇ ਦੇ ਪੂਰੇ ਪਰਿਵਾਰ ਦਾ ਧੰਨਵਾਦ ਜੋ ਮੇਰੇ ਲਈ ਆਪਣਾ ਸਮਰਥਨ ਦਿਖਾਉਣ ਲਈ ਅੱਜ ਘਰਾਂ ਤੋਂ ਬਾਹਰ ਆਏ। ਸਾਰੇ ਵਲੰਟੀਅਰਾਂ ਅਤੇ ਚੋਣ ਖੇਤਰ ਦੇ ਸਹਾਇਕਾਂ ਦਾ ਧੰਨਵਾਦ ਜਿਨ੍ਹਾਂ ਨੇ ਭਾਈਚਾਰੇ ਦੀ ਸੇਵਾ ਕਰਨ ਲਈ ਆਪਣਾ ਸਮਾਂ ਦਿੱਤਾ। ਅਸੀਂ ਸੱਚਮੁੱਚ ਤੁਹਾਡੇ ਬਿਨਾਂ ਇਹ ਨਹੀਂ ਕਰ ਸਕਦੇ ਸੀ। ਤੁਹਾਡੀ ਇਸ ਤਰਾਂ ਦੀ ਹਾਜਿਰੀਦੀਆਂ ਤਸਵੀਰਾਂ ਮੈਨੂੰ ਯਾਦ ਦਿਵਾਉਂਦੀਆਂ ਹਨ ਕਿ ਮੈਨੂੰ ਤੁਹਾਡੇ ਵਿਧਾਇਕ ਵੱਜੋਂ ਸੇਵਾ ਕਰਨ 'ਤੇ ਇੰਨਾ ਮਾਣ ਕਿਉਂ ਹੈ।

# ਪਾਣੀ ਉਤਰਣ ਤੋਂ ਬਾਅਦ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮਿਲੇ ਰਾਹੁਲ ਗਾਂਧੀ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ) –ਕਾਂਗਰਸ ਆਗੂ ਰਾਹੁਲ ਗਾਂਧੀ ਨੇ ਸੋਮਵਾਰ ਨੂੰ ਅੰਮ੍ਰਿਤਸਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਅਤੇ ਕੁਦਰਤ ਦੇ ਕਹਿਰ ਤੋਂ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਦੇ ਨਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਅਤੇ ਹੋਰ ਪਾਰਟੀ ਆਗੂ ਵੀ ਸਨ।ਅੰਮ੍ਰਿਤਸਰ ਪਹੁੰਚਣ ਤੋਂ ਬਾਅਦ, ਉਹ ਅੰਮ੍ਰਿਤਸਰ ਦੇ ਅਜਨਾਲਾ ਦੇ ਘੋਨੇਵਾਲ ਪਿੰਡ ਗਏ ਅਤੇ ਹੜ੍ਹ ਪ੍ਰਭਾਵਿਤ ਲੋਕਾਂ ਤੋਂ ਨੁਕਸਾਨ ਬਾਰੇ ਜਾਣਿਆ। ਅਜਨਾਲਾ ਦੇ ਕਈ ਇਲਾਕਿਆਂ ਵਿੱਚ ਘੋਨੇਵਾਲ ਪਿੰਡ ਵੀ ਸ਼ਾਮਲ ਸੀ ਜੋ ਹੜ੍ਹ ਦੇ ਪਾਣੀ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਸੀ। ਗਾਂਧੀ ਕੁਝ ਹੜ੍ਹ ਪ੍ਰਭਾਵਿਤ ਲੋਕਾਂ ਵਿੱਚ ਬੈਠ ਗਏ ਅਤੇ ਉਨ੍ਹਾਂ ਨਾਲ ਗੱਲਬਾਤ ਕੀਤੀ।



ਕਾਂਗਰਸੀ ਆਗੂ ਰਾਹੁਲ ਗਾਂਧੀ ਇਥੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਪਹੁੰਚੇ। ਉਨ੍ਹਾਂ ਦਾ ਇੱਥੇ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਾਰਟੀ ਆਗੂਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਤੇ ਹੋਰ ਕਾਂਗਰਸੀ ਆਗੂਆਂ ਨੇ ਸਵਾਗਤ ਕੀਤਾ। ਪੰਜਾਬ ਨੂੰ ਐਤਕੀਂ ਦਹਾਕਿਆਂ ਵਿੱਚ ਆਪਣੀ ਸਭ ਤੋਂ ਭਿਆਨਕ ਹੜ੍ਹ ਆਫ਼ਤਾਂ ਵਿਚੋਂ ਇਕ ਦਾ ਸਾਹਮਣਾ ਕਰਨਾ ਪਿਆ ਹੈ। ਹੜ੍ਹਾਂ ਨੇ ਪੰਜਾਬ ਵਿੱਚ ਕਾਫ਼ੀ ਨੁਕਸਾਨ ਕੀਤਾ ਹੈ। ਅਧਿਕਾਰਤ ਰਿਪੋਰਟਾਂ ਅਨੁਸਾਰ, 1.98 ਲੱਖ ਹੈਕਟੇਅਰ ਤੋਂ ਵੱਧ ਫਸਲੀ ਜ਼ਮੀਨ ਪ੍ਰਭਾਵਿਤ ਹੋਈ ਹੈ। ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਗੁਰਦਾਸਪੁਰ (40,169 ਹੈਕਟੇਅਰ), ਪਟਿਆਲਾ (17,690 ਹੈਕਟੇਅਰ), ਤਰਨ ਤਾਰਨ (12,828 ਹੈਕਟੇਅਰ), ਫਾਜ਼ਿਲਕਾ (25,182 ਹੈਕਟੇਅਰ), ਫਿਰੋਜ਼ਪੁਰ (17,257 ਹੈਕਟੇਅਰ) ਅਤੇ ਕਪੂਰਥਲਾ (17,574 ਹੈਕਟੇਅਰ) ਸ਼ਾਮਲ ਹਨ। ਹੜ੍ਹਾਂ ਕਰਕੇ ਮਰਨ ਵਾਲਿਆਂ ਦੀ ਗਿਣਤੀ 56 ਤੱਕ ਪਹੁੰਚ ਗਈ ਹੈ।

ਇਸ ਤੋਂ ਪਹਿਲਾਂ ਪੰਜਾਬ ਕਾਂਗਰਸ ਦੇ ਮੁਖੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਹੜ੍ਹਾਂ ਨੂੰ 'ਮਨੁੱਖ ਵੱਲੋਂ ਸਹੇੜੀ ਆਫ਼ਤ' ਕਿਹਾ ਸੀ ਅਤੇ ਰਾਜ ਤੇ ਕੇਂਦਰ ਸਰਕਾਰਾਂ ਦੋਵਾਂ 'ਤੇ ਲਾਪਰਵਾਹੀ ਦਾ ਦੋਸ਼ ਲਗਾਇਆ ਸੀ।





















# ਇੰਡੋ ਕਨੇਡੀਅਨ ਐਸੋਸੀਏਸ਼ਨ ਆਫ ਇਮੀਗ੍ਰਾਂਟ ਸੀਨੀਅਰ ਕੈਲਗਰੀ ਦੀ ਮਿਲਣੀ ਮੌਕੇ ਡਾਕਟਰ ਹੱਲਣ ਨੂੰ ਚੇਤੇ ਕੀਤਾ ਗਿਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਇੰਡੋ ਕਨੇਡੀਅਨ ਐਸੋਸੀਏਸ਼ਨ ਆਫ ਇਮੀਗਰਾਂਟ ਸੀਨੀਅਰ ਕੈਲਗਰੀ ਦੀ ਮਿਲਣੀ ਜਰਨੈਲ ਸਿੰਘ ਤੱਗੜ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਐਸੋਸੀਏਸ਼ਨ ਦੇ ਬਾਨੀ ਮੈਂਬਰ ਡਾਕਟਰ ਮਹਿੰਦਰ ਸਿੰਘ ਹੱਲਣ ਦੇ 97 ਸਾਲ ਦੀ ਉਮਰ ਵਿੱਚ ਇਸ ਦੁਨੀਆ ਤੋਂ ਰੁਖਸਤ ਹੋਣ ਮੌਕੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਜਗਦੀਸ਼ ਸਿੰਘ ਚੋਹਕਾ ਹੋਰਾਂ ਆਖਿਆ ਕਿ ਉਹ ਇੱਕ ਵਧੀਆ ਇਨਸਾਨ, ਬੇਦਾਗ ਸਿੱਖਿਆ ਸ਼ਾਸਤਰੀ, ਕਾਲਜ ਟੀਚਰ, ਪ੍ਰਬੰਧਨ, ਲੇਖਕ, ਸਾਹਿਤਕਾਰ, ਮਨੋਵਿਗਿਆਨੀ ਚਿੰਤਕ ਸਨ। ਐਸੋਸੀਏਸ਼ਨ ਵੱਲੋਂ ਹੋਰ ਵਿਛੜੀਆਂ ਮਹਾਨ ਸ਼ਖਸ਼ੀਅਤਾਂ ਜਿਨਾਂ ਵਿੱਚ ਕੇਰਲਾ ਦੇ ਸਾਬਕਾ ਮੁੱਖ ਮੰਤਰੀ ਬੀਐਸ ਅਛੂਤਾ ਨੰਦ, ਐਡਵੋਕੇਟ ਜੋਗਿੰਦਰ ਸਿੰਘ ਤੂਰ, ਰਾਜਪਾਲ ਸਤਪਾਲ ਮਲਿਕ,ਅਤੇ ਸਿੱਖ ਦੌੜਾਕ ਫੌਜਾ ਸਿੰਘ ਉਮਰ 114 ਸਾਲ ਨੂੰ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇੱਕ ਹੋਰ ਮਤੇ ਰਾਹੀਂ ਐਸੋਸੀਏਸ਼ਨ ਨੇ ਕਨੇਡਾ ਦੇ ਪ੍ਰਵਾਸੀਆਂ ਲਈ ਪ੍ਰਵਾਸੀ ਨੀਤੀ ਬਾਰੇ ਬੇਲੋੜੀਆਂ ਢੁੱਚਰਾਂ ਡਾਹੁਣੀਆਂ ਬੰਦ ਕਰਨ ਦੀ ਅਪੀਲ ਕੀਤੀ ਗਈ। ਕਨੇਡਾ ਪੁੱਜ ਚੁੱਕੇ ਸਾਰੇ ਵੀਜ਼ਾ ਧਾਰਕਾਂ ਨੂੰ ਪੱਕੇ ਕਰਨ ਦੀ ਮੰਗ ਕੀਤੀ ਗਈ। ਸੀਨੀਅਰ ਲਈ ਬਿਨਾਂ ਦੇਰੀ ਕੀਤੇ ਲੰਬੇ ਸਮੇਂ ਨੂੰ ਘੱਟ ਕਰਕੇ ਇਲਾਜ ਦੀ ਮੰਗ ਵੀ ਕੀਤੀ ਗਈ।

# ਕੈਲਗਰੀ ਦੇ ਬਜੁਰਗਾਂ ਨੇ ਖਾਲਸਾ ਏਡ ਵਾਲਿਆਂ ਰਾਹੀਂ ਪੰਜਾਬ ਨੂੰ 15000 ਡਾਲਰ ਦੀ ਮੱਦਦ ਭੇਜੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਵਿੱਚ ਆਏ ਹੜ੍ਹਾਂ ਕਾਰਣ ਹੜ੍ਹ ਪੀੜਤ ਏਰੀਆ ਦੇ ਮੁੜ ਵਸੇਵੇ ਲਈ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਇਸ ਸੇਵਾ ਵਿੱਚ ਲੱਗੀਆਂ ਹੋਈਆਂ ਹਨ ਜਿਹਨਾਂ ਵਿੱਚੋਂ ਖਾਲਸਾ ਏਡ ਦਾ ਨਾਂ ਹਰ ਪੰਜਾਬੀ ਦੀ ਜ਼ੁਬਾਨ ਉੱਪਰ ਹੈ। ਖਾਲਸਾ ਏਡ ਦੇ ਹੁਣ ਤੱਕ ਦੇ ਕੀਤੇ ਮੱਦਦਗਾਰੀ ਕੰਮਾਂ ਨੂੰ ਦੇਖਦੇ ਹੋਏ ਕੈਲਗਰੀ ਵਿਖੇ ਬਜੁਰਗਾਂ ਦੀ ਸੰਸਥਾ ਦਸਮੇਸ਼ ਕਲਚਰਲ ਸੀਨੀਅਰ ਸਿਟੀਜਨ ਸੋਸਾਇਟੀ ਵੱਲੋਂ ਖਾਲਸਾ ਏਡ ਦੇ ਦੋ ਨੁਮਾਇੰਦਿਆਂ ਸ: ਅਜੀਤ ਸਿੰਘ ਅਤੇ ਉਪਨੀਤ ਕੌਰ ਨੂੰ ਆਪਣੇ ਮੈਂਬਰਾਂ ਦੀ ਹਾਜਿਰੀ ਵਿੱਚ 15000 ਕਨੇਡੀਅਨ ਡਾਲਰ ਦਾ ਚੈਕ ਹੜ੍ਹ ਪੀੜਤਾਂ ਦੀ ਮੱਦਦ ਲਈ ਭੇਟ ਕੀਤਾ ਗਿਆ।

# ਚੈਸਟਰਮੀਅਰ ਪੰਜਾਬੀ ਬਜ਼ੁਰਗ ਸੁਸਾਇਟੀ ਵੱਲੋਂ ਆਜ਼ਾਦੀ ਦਿਵਸ ਅਤੇ ਤੀਆਂ ਦੇ ਤਿਓਹਾਰ ਮਨਾਏ ਗਏ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਬੀਤੇ ਦਿਨਾਂ ਦੌਰਾਨ ਕੈਲਗਰੀ ਦੇ ਨਾਲ ਲੱਗਦੇ ਕਸਬੇ ਝੀਲਾਂ ਦੇ ਸ਼ਹਿਰ ਵਜੋਂ ਜਾਣੇ ਜਾਂਦੇ ਚੈਸਟਰਮੀਅਰ ਵਿਖੇ ਬਜ਼ੁਰਗਾਂ ਦੀ ਬਣਾਈ ਹੋਈ ਆਪਣੀ ਸੰਸਥਾ ਚੈਸਟਰਮੀਅਰ ਪੰਜਾਬੀ ਬਜ਼ੁਰਗ ਸੁਸਾਇਟੀ ਵੱਲੋਂ ਭਾਰਤ ਦਾ ਆਜ਼ਾਦੀ ਦਿਹਾੜਾ ਅਤੇ ਤੀਆਂ ਦੇ ਤਿਓਹਾਰ ਮਨਾਏ ਗਏ।ਪ੍ਰੋਗਰਾਮ ਦੀ ਸ਼ੁਰੂਆਤ ਭਾਰਤ ਦੇ ਰਾਸ਼ਟਰੀ ਗੀਤ ਜਨ ਗਨ ਮਨ ਅਤੇ ਕੈਨੇਡਾ ਦੇ ਰਾਸ਼ਟਰੀ ਗੀਤ ਓ ਕੈਨੇਡਾ ਦੇ ਨਾਲ ਸ਼ੁਰੂ ਹੋਈ।ਚੈਸਟਰ ਮੀਅਰ ਪੰਜਾਬੀ ਬਜ਼ੁਰਗ ਸੁਸਾਇਟੀ ਦੇ ਪ੍ਰਧਾਨ ਜਨਕ ਸਿੰਘ ਖੁਰਮੀ ਨੇ ਹਾਜ਼ਿਰ ਮੈਂਬਰਾਂ ਦੇ ਨਾਲ ਅੰਗਰੇਜ਼ੀ ਰਾਜ ਦੀ ਹਿਸਟਰੀ ਅਤੇ ਭਾਰਤ ਦੀ ਆਜ਼ਾਦੀ ਦੇ ਘੋਲ ਸਬੰਧੀ ਬਹੁਤ ਸਾਰੀਆਂ ਯਾਦਾਂ ਸਾਂਝੀਆਂ ਕੀਤੀਆਂ।ਗੁਰਭੇਜ ਸਿੰਘ ਨੇ ਸਿੱਖ ਜਰਨੈਲ ਹਰੀ ਸਿੰਘ ਨਲੂਆ ਨਾਲ ਸਬੰਧਿਤ "ਕਿਲੀ ਦਾ ਬੂਹਾ" ਨਾਂ ਦੀ ਇੱਕ ਕਵਿਤਾ ਸੁਣਾ ਕੇ ਵਾਹ ਵਾਹ ਖੱਟੀ। ਸਮਾਗਮ ਵਿੱਚ ਤਕਰੀਬਨ ਸੰਸਥਾ ਦੇ 30 ਮੈਂਬਰਾਂ ਨੇ ਹਾਜ਼ਰੀ ਭਰੀ। ਸੰਸਥਾ ਦੀ ਪ੍ਰਬੰਧਕੀ ਟੀਮ ਦੇ ਮੈਂਬਰ ਜਨਕ ਸਿੰਘ ਖੁਰਮੀ ਪ੍ਰਧਾਨ, ਇੰਦਰਜੀਤ ਸਿੰਘ ਰਖੜਾ ਸੈਕਟਰੀ, ਗੁਰਮੀਤ ਸਿੰਘ ਗਿੱਲ ਜੋਇੰਟ ਸੈਕਟਰੀ, ਅਨਿਲ ਗੁਪਤਾ ਖਜਾਨਚੀ, ਤਰਲੋਚਨ ਸਿੰਘ ਰਾਏ ਸਹਾਇਕ ਖਜਾਨਚੀ ਅਤੇ ਗੁਰਮੇਲ ਸਿੰਘ ਗਿੱਲ ਡਾਇਰੈਕਟਰ ਨੇ ਹਾਜ਼ਰੀ ਭਰੀ। ਔਰਤ ਮੈਂਬਰਾਂ ਨੇ ਤੀਆਂ ਦਾ ਤਿਓਹਾਰ ਮਨਾਉਂਦਿਆਂ ਖੁੱਲੇ ਪਾਰਕਾਂ ਦੇ ਵਿੱਚ ਨੱਚ ਟੱਪ ਕੇ ਪੰਜਾਬ ਦੇ ਗਿੱਧਿਆਂ ਦੇ ਪਿੜ ਦੀ ਯਾਦ ਤਾਜ਼ਾ ਕਰਵਾ ਦਿੱਤੀ।

# ਰੈਡ ਡੀਅਰ ਵਿਖੇ ਗੁਰੂਘਰ ਦੀ ਪਰਬੰਧਕੀ ਕਮੇਟੀ ਦੀ ਚੋਣ ਹੋਈ, ਗੁਰਨਾਮ ਸਿੰਘ ਪ੍ਰਧਾਨ ਚੁਣੇ ਗਏ



ਰੈਡ ਡੀਅਰ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 24 ਅਗਸਤ 2025 ਨੂੰ ਗੁਰਦੁਆਰਾ ਗੁਰੂ ਅਰਜਨ ਦੇਵ ਜੀ ਰੈਡ ਡੀਅਰ ਵਿਖੇ ਗੁਰੂਘਰ ਦੇ ਪਰਬੰਧਾਂ ਨੂੰ ਚਲਾਉਣ ਲਈ ਮੀਟਿੰਗ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਚ ਮੀਟਿੰਗ ਹੋਈ ਜਿਸ ਵਿੱਚ ਸਰਦਾਰ ਗੁਰਨਾਮ ਸਿੰਘ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ। ਅਹੁਦੇਦਾਰਾਂ ਦੀ ਵੰਡ ਇਸ ਪ੍ਰਕਾਰ ਰਹੀ : ਪ੍ਰਧਾਨ : ਗੁਰਨਾਮ ਸਿੰਘ ਜੀ, ਉਪ ਪ੍ਰਧਾਨ : ਜਗਦੀਪ ਸਿੰਘ, ?ਪਰੇਸ਼ਨ ਡਾਇਰੈਕਟਰ : ਨਿਸ਼ਾਨ ਸਿੰਘ ਸੰਧੂ,ਸਕੱਤਰ : ਸਿਮਰਨਜੀਤ ਸਿੰਘ ਸਲੈਚ, ਸਹਾਇਕ ਸਕੱਤਰ : ਅਜੈਬੀਰ ਸਿੰਘ,ਖਜਾਨਚੀ : ਪ੍ਰਿਥੀਪਾਲ ਸਿੰਘ, ਸਹਾਇਕ ਖਜਾਨਚੀ : ਹਰਪ੍ਰੀਤ ਸਿੰਘ, ਪ੍ਰੈਸ ਸਕੱਤਰ : ਸੰਦੀਪ ਸਿੰਘ, ਸੋਸ਼ਲ ਮੀਡੀਆ ਸਕੱਤਰ : ਜਤਿੰਦਰ ਸਿੰਘ ਮਾਨ, ਸਹਾਇਕ ਸੋਸ਼ਲ ਮੀਡੀਆ ਸਕੱਤਰ : ਅਰਪਿਤ ਸ਼ਰਮਾ, ਮੇਨਟੇਨੈਂਸ ਇੰਚਾਰਜ : ਸੁਖਵਿੰਦਰ ਸਿੰਘ ਚੁਣੇ ਗਏ। ਗੁਰੂਘਰ ਵੱਲੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ ਪੁਰਬ ਨੂੰ ਮੁੱਖ ਰਖਦੇ ਹੋਏ ਪਹਿਲਾ ਕੀਰਤਨ ਸਮਾਗਮ 27 ਸਤੰਬਰ 2025 ਦਿਨ ਸਨੀਵਾਰ ਨੂੰ ਕਰਵਾਇਆ ਜਾ ਰਿਹਾ ਹੈ। ਕੀਰਤਨ ਸਮਾਗਮ ਦੀ ਆਰੰਭਤਾ ਸਾਮ 5:30 ਹੋਵੇਗੀ ਅਤੇ ਰਾਤ 10:00 ਵਜੇ ਅਰਦਾਸ ਅਤੇ ਸੰਪੂਰਨਤਾ ਹੋਵੇਗੀ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਹੋਰ ਜਾਣਕਾਰੀ ਲਈ 825 925 6884,403 506 9281,403 506 1180 ਜਾਂ 587 731 4513 ਫੋਨ ਨੰਬਰਾਂ ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।

# ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੇ ਸਮਾਗਮ ਵਿਚ ਗਲੋਬਲ ਕੈਂਸਰ ਕੇਅਰ ਦੇ ਅੰਬੈਸਡਰ ਕੁਲਵੰਤ ਸਿੰਘ ਧਾਲੀਵਾਲ ਨੇ ਹਾਜ਼ਰੀ ਭਰੀ

ਕੈਲਗਰੀ:(ਪੰਜਾਬੀ ਅਖ਼ਬਾਰ ਬਿਊਰੋ) ਅਗਸਤ ਮਹੀਨੇ ਵਿੱਚ ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਵੱਲੋਂ ਜੈਨੇਸਸ ਸੈਂਟਰ ਵਿਖੇ ਬਲਵਿੰਦਰ ਕੌਰ ਬਰਾੜ ਜੀ ਨੇ ਸਭਾ ਦੀ ਮੈਂਬਰ ਬੀਬੀ ਤਰਨਜੀਤ ਕੌਰ ਜੀ ਦੀ ਦੋਹਤੀ ਦੀ ਭਰ ਜਵਾਨੀ ਵਿੱਚ ਹੋਈ ਬੇਵਕਤੀ ਮੌਤ ਤੇ ਸ਼ੋਕ ਮਤਾ ਪੇਸ਼ ਕੀਤਾ ਅਤੇ ਲਲਿਤਾ ਜੀ ਨੇ ਮੈਂਟਲ ਹੈਲਥ ਦੇ ਵਿਸ਼ੇ ਤੇ ਲੈਕਚਰ ਦਿੱਤਾ। ਥੋੜੇ ਦਿਨਾਂ ਬਾਅਦ ਸਭਾ ਦੀ ਦੂਜੀ ਇਕੱਤਰਤਾ ਪ੍ਰੇਰੀਵਿੰਡ ਪਾਰਕ ਵਿਖੇ ਹੋਈ, ਜਿਸ ਵਿੱਚ ਤੀਆਂ ਦਾ ਤਿਉਹਾਰ ਬਹੁਤ ਹੀ ਉਤਸ਼ਾਹ ਅਤੇ ਜੋਸ਼ ਨਾਲ ਮਨਾਇਆ।ਸਕੱਤਰ ਗੁਰਨਾਮ ਕੌਰ ਨੇ ਸਭਾ ਦੀ ਕਾਰਵਾਈ ਸ਼ੁਰੂ ਕਰਦਿਆਂ ਸਾਰੀਆਂ ਭੈਣਾਂ ਨੂੰ ਜੀ ਆਇਆਂ ਕਹਿਣ ਉਪਰੰਤ, ਤੀਆਂ ਦੇ ਤਿਉਹਾਰ ਬਾਰੇ ਸੰਖੇਪ ਜਿਹੀ ਜਾਣਕਾਰੀ ਦਿੱਤੀ। ਸਭਾ ਦੇ ਪ੍ਰਧਾਨ ਸ੍ਰੀਮਤੀ ਬਲਵਿੰਦਰ ਕੌਰ ਬਰਾੜ ਨੇ ਤੀਆਂ ਨੂੰ ਧੀਆਂ ਦਾ ਤਿਉਹਾਰ ਦੱਸਦਿਆਂ ਹੋਇਆਂ ਕਿਹਾ, ਕਿ ਦੂਰ ਦੁਰਾਡੇ ਵਿਆਹੀਆਂ ਕੁੜੀਆਂ ਇਸ ਮਹੀਨੇ ਇਕੱਠੀਆਂ ਹੋ ਪੀਂਘਾਂ ਝੂਟਦੀਆਂ ਅਤੇ ਦੁੱਖ ਸੁੱਖ ਸਾਂਝੇ ਕਰਦੀਆਂ ਸਨ।ਸਾਰੀਆਂ ਭੈਣਾਂ ਨੇ ਗਿੱਧੇ ਦੀਆਂ ਖ਼ੂਬ ਧਮਾਲਾਂ ਪਾਈਆਂ। ਇੱਕ ਦੂਜੀ ਤੋਂ ਵਧ ਚੜ੍ਹ ਕੇ ਬੋਲੀਆਂ ਪਾਈਆਂ ਅਤੇ ਲੰਮੀ ਹੇਕ ਦੇ ਗੀਤ ਵੀ ਗਾਏ।




ਪਰ ਸਭਾ ਲਈ ਇਹ ਦਿਨ ਹੋਰ ਵੀ ਸੁਭਾਗਾ ਰਿਹਾ, ਜਦੋਂ ਗਲੋਬਲ ਕੈਂਸਰ ਕੇਅਰ ਦੇ ਅੰਬੈਸਡਰ ਸਤਿਕਾਰ ਯੋਗ ਕੁਲਵੰਤ ਸਿੰਘ ਧਾਲੀਵਾਲ ਨੇ ਆਪਣੀ ਹਾਜ਼ਰੀ ਲਗਵਾਈ ਅਤੇ ਆਪਣੇ ਵਿਚਾਰ ਭੈਣਾਂ ਨਾਲ ਸਾਂਝੇ ਕਰਦਿਆਂ ਕਿਹਾ ਕਿ 'ਧੀਆਂ ਨੂੰ ਪੱਥਰ ਕਹਿ ਕੇ ਤ੍ਰਿਸਕਾਰ ਨਾ ਕਰੋ ਅਤੇ ਨੂੰਹਾਂ ਦਾ ਵੀ ਸਤਿਕਾਰ ਕਰੋ ਕਿਉਂਕਿ ਉਹ ਤੁਹਾਡੇ ਕੁੱਲ ਦੀਆਂ ਵਾਰਸ ਹਨ!' ਉਹ ਕੈਂਸਰ ਪੀੜਤ ਔਰਤਾਂ ਨਾਲ ਬਿਤਾਏ ਪਲਾਂ ਨੂੰ ਸਾਂਝਾ ਕਰਦਿਆਂ ਭਾਵਕ ਵੀ ਹੋਏ। ਉਨ੍ਹਾਂ ਨੇ ਆਪਣੇ ਖੁਸ਼ ਅਤੇ ਸਫ਼ਲ ਪ੍ਰੀਵਾਰਕ ਜੀਵਨ ਦੇ ਤਜਰਬੇ ਵੀ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਆਪਣੇ ਦਾਨ ਦੀ ਦਸ਼ਾ ਅਤੇ ਦਿਸ਼ਾ ਬਦਲੋ। ਜਲੇਬੀਆਂ,ਪੀਜਿਆਂ ਦੇ ਲੰਗਰ ਦੀ ਥਾਂ ਤੇ ਸਾਦਾ ਖੁਰਾਕ ਰੱਖੋ ਅਤੇ ਵਿਆਹਾਂ ਤੇ ਖਰਚਾ ਨਾ ਕਰੋ। ਆਨੰਦਪੁਰ ਸਾਹਿਬ ਵਿਖੇ ਖੁੱਲ੍ਹ ਰਹੇ ਕੈਂਸਰ ਸੈਂਟਰ ਬਾਰੇ ਮੱਦਦ ਕਰਨ ਲਈ ਅਪੀਲ ਵੀ ਕੀਤੀ। ਸਭਾ ਦੀ ਪ੍ਰਧਾਨ ਭੈਣ ਜੀ ਬਲਵਿੰਦਰ ਕੌਰ ਬਰਾੜ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ 'ਮੈਂ ਵੀ ਉਨ੍ਹਾਂ ਨੂੰ ਸੁਣਦਾ ਹਾਂ। ਕਿਉਂਕਿ ਉਹ ਭੈਣਾਂ ਨੂੰ ਜਾਗਰੂਕ ਕਰਨ ਲਈ ਬਹੁਤ ਵਧੀਆ ਕੰਮ ਕਰ ਰਹੇ ਹਨ!' ਅਖੀਰ ਵਿੱਚ ਖੀਰ ਪੂੜੇ ਅਤੇ ਸਮੋਸਿਆਂ ਦੇ ਲੰਗਰ ਨੇ ਪੁਰਾਣੇ ਪੰਜਾਬ ਦੀਆਂ ਯਾਦਾਂ ਤਾਜ਼ਾ ਕਰਵਾ ਦਿੱਤੀਆਂ।









# "ਓਹ ਵੇਲਾ ਯਾਦ ਕਰ" ਵਾਲੀ ਡਾ: ਬਲਵਿੰਦਰ ਕੌਰ ਬਰਾੜ ਦਾ ਬਾਬਿਆਂ ਦੀ ਸੰਸਥਾ ਨੇ ਮਾਣ ਸਨਮਾਨ ਕੀਤਾ






ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਇੰਕਾ ਸੀਨੀਅਰ ਸੋਸਾਇਟੀ ਕੈਲਗਰੀ ਅਤੇ ਗੁਰੂ ਨਾਨਕ ਫਾਊਂਡੇਸ਼ਨ ਵੱਲੋਂ ਡਾ: ਬਲਵਿੰਦਰ ਕੌਰ ਬਰਾੜ ਅਤੇ ਜੋਰਾ ਸਿੰਘ ਧਾਲੀਵਾਲ ਨੂੰ ਸਨਮਾਨਿਤ ਕੀਤਾ ਗਿਆ। ਜੋਰਾ ਸਿੰਘ ਧਾਲੀਵਾਲ ਇੰਕਾ ਸੀਨੀਅਰ ਸੋਸਾਇਟੀ ਦੇ ਸੀਨੀਅਰ ਮੈਂਬਰ ਹਨ। ਸਭ ਤੋਂ ਪਹਿਲਾਂ ਸਰਦਾਰ ਮੇਜਰ ਸਿੰਘ ਧਾਲੀਵਾਲ ਨੇ ਪ੍ਰਧਾਨਗੀ ਮੰਡਲ ਲਈ ਸੱਦਾ ਦਿੱਤਾ, ਜਿਸ ਵਿੱਚ ਡਾ: ਬਲਵਿੰਦਰ ਕੌਰ ਬਰਾੜ, ਸਰਦਾਰ ਬਿਕਰ ਸਿੰਘ ਸੰਧੂ ਅਤੇ ਗੁਰੂ ਨਾਨਕ ਪੀਸ ਫਾਊਂਡੇਸ਼ਨ ਦੇ ਡਾ: ਬੱਲ ਅਤੇ ਉਹਨਾਂ ਦੀ ਪਤਨੀ ਸ਼੍ਰੀਮਤੀ ਅੰਮ੍ਰਿਤ ਬੱਲ ਸ਼ਾਮਿਲ ਸਨ। ਰੇਡੀ- ਰੈਡ ਐਫ ਐਮ ਕੈਲਗਰੀ ਦੇ ਹੋਸਟ ਸ੍ਰੀ ਰਿਸ਼ੀ ਨਾਗਰ ਨੇ ਆਪਣੇ ਭਾਸ਼ਣ ਵਿਚ ਬੋਲਦਿਆਂ ਕਿਹਾ ਕਿ ਅਧਿਆਪਕ ਸਮਾਜ ਦਾ ਸ਼ੀਸ਼ਾ ਹੁੰਦੇ ਹਨ। ਇਹ ਵਿਦਿਆਰਥੀਆਂ ਨੂੰ ਪੜ੍ਹਾਉਣ ਦੇ ਨਾਲ ਉਹਨਾਂ ਨੂੰ ਸਮਾਜਕ ਕੰਮਾਂ ਪ੍ਰਤੀ ਸੁਹਿਰਦ ਹੋਣ ਦੀ ਜ਼ਿੰਮੇਵਾਰੀ ਵੀ ਸਿਖਾਉਂਦੇ ਹਨ। ਡਾਕਟਰ ਬਰਾੜ ਉਹਨਾਂ ਦੇ ਚੰਗੇ ਅਧਿਆਪਕਾਂ ਚੋਂ ਇੱਕ ਹਨ ਜਿਨ੍ਹਾਂ ਆਪਣੀਆਂ ਚੰਗੀਆਂ ਲਿਖਤਾਂ ਨਾਲ ਸਮਾਜ ਨੂੰ ਸੇਧ ਦਿੱਤੀ ਅਤੇ ਉਹਨਾਂ ਦੇ ਸਨਮਾਨ ਮਿਲਣ ਤੇ ਵਧਾਈ ਦਿੱਤੀ। ਇਹਨਾਂ ਤੋਂ ਬਾਅਦ ਡਾ: ਹਰਭਜਨ ਸਿੰਘ ਢਿੱਲੋਂ ਨੇ ਮੈਡਮ ਬਰਾੜ ਦੇ ਸੁਭਾਅ ਪ੍ਰਤੀ ਅਤੇ ਆਪਣੀ ਜਾਣ ਪਛਾਣ ਦੀ ਪਹਿਲੀ ਮੁਲਾਕਾਤ ਨੂੰ ਦਿਲਚਸਪ ਢੰਗ ਨਾਲ ਵਿਅੰਗ ਰੂਪ ਵਿੱਚ ਸਾਂਝਾ ਕੀਤਾ ਅਤੇ ਉਹਨਾਂ ਦੀਆਂ ਲਿਖਤਾਂ ਦੀ ਸਿਫਤ ਕੀਤੀ। ਡਾ: ਢਿੱਲੋਂ ਨੇ ਦੱਸਿਆ ਕਿ ਸ਼ਬਦ ਸਾਂਝ ਵੱਲੋਂ ਮੈਡਮ ਬਰਾੜ ਦੀ ਪ੍ਰਧਾਨਗੀ ਤਹਿਤ ਤਿੰਨ ਪੁਸਤਕਾਂ ਛਾਪੀਆਂ ਗਈਆਂ ਜੋ ਕਿ ਕਨੇਡੀਅਨ ਸਹਿਤ ਨਾਲ ਸੰਬੰਧਿਤ ਹਨ। ਉਹਨਾਂ ਚੌਥੀ ਕਿਤਾਬ ਅਗਲੇ ਸਾਲ ਆਉਣ ਦੀ ਗੱਲ ਵੀ ਕੀਤੀ ਅਤੇ ਸਨਮਾਨ ਮਿਲਣ ਤੇ ਉਹਨਾਂ ਨੂੰ ਬਹੁਤ ਬਹੁਤ ਵਧਾਈ ਦਿੱਤੀ। ਡਾ: ਸਰਬਜੀਤ ਕੌਰ ਜਵੰਧਾ ਨੇ ਡਾ: ਬਲਵਿੰਦਰ ਕੌਰ ਬਰਾੜ ਬਾਰੇ ਗੱਲ ਕਰਦਿਆਂ ਆਖਿਆ ਕਿ ਮੈਡਮ ਬਰਾੜ ਦੀਆਂ ਲਿਖਤਾਂ ਹਰੇਕ ਉਮਰ ਦੇ ਵਿਅਕਤੀ ਦੀ ਮਾਨਸਿਕਤਾ ਨਾ.ਲ ਸਾਂਝ ਪਾ ਲੈਂਦੀਆਂ ਹਨ। ਉਹਨਾਂ ਆਪਣੀਆਂ ਮੁਢਲੀਆਂ ਕਹਾਣੀਆਂ ਰਾਹੀਂ ਦਹਿਸ਼ਤ ਦੇ ਦੌਰ ਦੌਰਾਨ ਜ਼ੁਲਮ ਤੇ ਡਰ ਕਾਰਨ ਅੱਖਾਂ ਵਿਚ ਸੁੱਕ ਰਹੇ ਤੇ ਅਣਪੂੰਝੇ ਹੰਝੂਆਂ ਦਾ ਤਰਜ਼ਮਾ ਕੀਤਾ। ਉਸਨੇ ਕਿਹਾ ਕਿ ਮੈਡਮ ਬਰਾੜ ਦੱਬੀ ਘੁੱਟੀ ਭੁੱਬ ਨੂੰ ਸਹਿਜੇ ਹੀ ਸ਼ਬਦਾਂ ਵਿਚ ਢਾਲਕੇ ਪਾਠਕ ਦੇ ਮਨ ਨਾਲ ਸਾਂਝ ਪਾ ਲੈਂਦੇ ਹਨ। ਉਹ ਪੰਜਾਬ ਤੋਂ ਲੈ ਕੇ ਕੈਨੇਡਾ ਤਕ , ਨੌਜ਼ਵਾਨਾਂ ਤੋਂ ਬਜ਼ੁਰਗਾਂ ਤੱਕ ਹਰ ਇੱਕ ਦੀ ਸਮੱਸਿਆ ਬਾਰੇ ਗੱਲ ਵੀ ਕਰਦੇ ਹਨ ਤੇ ਉਸਦੇ ਹੱਲ ਲਈ ਢੁਕਵੇਂ ਸੁਝਾਅ ਵੀ ਦਿੰਦੇ ਹਨ। ਸਰਬਜੀਤ ਨੇ ਕਿਹਾ ਕੇ ਸੋਸ਼ਲ ਮੀਡਿਆ ਉੱਪਰ ਮੈਡਮ ਬਰਾੜ ਦੀ ਮਕਬੂਲੀਅਤ ਦਾ ਕਾਰਨ ਉਹਨਾਂ ਦਾ ਸਮੇਂ ਦੇ ਹਾਣ ਦੇ ਹੋਣਾ ਹੈ ਜਿਸ ਕਰਕੇ ਨਵੀਂ ਪੀੜ੍ਹੀ ਉਹਨਾਂ ਦੀਆਂ ਰੀਲਾਂ ਨੂੰ ਬਹੁਤ ਵੱਡਾ ਹੁੰਘਾਰਾ ਦਿੰਦੀ ਹੈ ਤੇ ਉਹ ਦੇਸ਼ਾਂ ਵਿਦੇਸ਼ਾ ਵਿਚ ਪੜ੍ਹੇ, ਸੁਣੇ ਤੇ ਸਤਿਕਾਰੇ ਜਾਂਦੇ ਹਨ। ਇਹਨਾਂ ਤੋਂ ਬਾਅਦ ਸੁਰਿੰਦਰ ਕੌਰ ਸੰਧੂ ਨੇ ਕੈਲਗਰੀ ਵੂਮੈਨ ਐਸੋਸੀਏਸ਼ਨ ਵੱਲੋਂ ਡਾਕਟਰ ਬਰਾੜ ਨੂੰ ਮਿਲਣ ਵਾਲੇ ਸਨਮਾਨ ਦੀ ਵਧਾਈ ਦਿੰਦਿਆਂ ਉਹਨਾਂ ਦੇ ਸੁਭਾਅ ਅਤੇ ਲਿਖਤਾਂ ਦਾ ਜ਼ਿਕਰ ਕੀਤਾ। ਸਤਪਾਲ ਕੌਸ਼ਲ ਨੇ ਡਾਕਟਰ ਬਰਾੜ ਨੂੰ ਸਨਮਾਨ ਦੀ ਵਧਾਈ ਦਿੰਦਿਆਂ ਹੋਇਆ ਦੱਸਿਆ ਕਿ ਬੇਸ਼ਕ ਮੈਂ ਸਾਹਿਤਕਾਰ ਨਹੀਂ ਰਿਹਾ ਪਰ ਕੁੱਝ ਨਾ ਕੁੱਝ ਪੜ੍ਹ ਕੇ ਸਭਾ ਦੇ ਸਾਹਿਤਕ ਸਮਾਗਮ ਵਿੱਚ ਹਾਜ਼ਰੀ ਲਵਾਉਂਦਾ ਹਾਂ। ਇਹਨਾਂ ਤੋਂ ਬਾਅਦ ਮਾਸਟਰ ਬਚਿੱਤਰ ਸਿੰਘ ਨੇ ਮੈਡਮ ਬਰਾੜ ਦੇ ਸੁਭਾਅ ਅਤੇ ਲਿਖਤਾਂ ਦਾ ਜ਼ਿਕਰ ਕੀਤਾ ਅਤੇ ਉਹਨਾਂ ਕਿਹਾ ਕਿ ਇਹਨਾਂ ਦੀਆਂ ਲਿਖਤਾਂ ਅਤੇ ਰੀਲਾਂ ਨਾ.ਲ ਅੱਜ ਦੁਨੀਆਂ ਭਰ ਵਿੱਚ ਇਹਨਾਂ ਦੀ ਪਛਾਣ ਬਣੀ ਹੋਈ ਹੈ। ਇਹਨਾਂ ਦੇ ਪੰਜਾਬੀ ਅਖ਼ਬਾਰ ਵਿੱਚ ਛਪਦੇ ਕਾਲਮ "ਓਹ ਵੇਲਾ ਯਾਦ ਕਰ" ਦੀ ਵੀ ਲੋਕਾਂ ਨੂੰ ਬੇਸਬਰੀ ਨਾਲ ਉਡੀਕ ਰਹਿੰਦੀ ਹੈ। ਡਾ: ਬਲਵਿੰਦਰ ਕੌਰ ਬਰਾੜ ਨੇ ਸਨਮਾਨ ਤੋਂ ਬਾਅਦ ਆਪਣੇ ਭਾਸ਼ਣ ਵਿੱਚ ਇੰਕਾ ਸੀਨੀਅਰ ਸੋਸਾਇਟੀ ਅਤੇ ਗੁਰੂ ਨਾਨਕ ਪੀਸ ਫਾਊਂਡੇਸ਼ਨ ਦਾ ਸਨਮਾਨ ਕਰਨ ਲਈ ਧੰਨਵਾਦ ਕਰਦੇ ਹੋਏ ਕਿਹਾ ਕਿ ਜਦੋਂ ਤੁਸੀਂ ਆਪਣੇ ਬਾਰੇ ਸੁਣਦੇ ਹੋ ਤਾਂ ਚੰਗਾ ਲੱਗਦਾ ਹੈ ਅਤੇ ਹੋਰ ਵੀ ਜਿਆਦਾ ਲਿਖਣ ਨੂੰ ਮਨ ਕਰਦਾ ਰਹਿੰਦਾ ਹੈ। ਉਹਨਾਂ ਕਿਹਾ ਕਿ ਆਦਮੀ ਦੀ ਸੋਚ ਹਮੇਸ਼ਾਂ ਹੀ ਸਮਾਜ ਨੂੰ ਉੱਚਾ ਚੁੱਕਣ ਅਤੇ ਸੇਧ ਦੇਣ ਵਾਲੀ ਹੋਣੀ ਚਾਹੀਦੀ ਹੈ। ਤੁਸੀਂ ਜੋ ਬੋਲਦੇ ਹੋ, ਸੋਚਦੇ ਹੋ ਉਸ ਵਿੱਚੋਂ ਬੰਦੇ ਦਾ ਵਿਅਕਤੀਤਵ ਸਾਫ਼ ਨਜ਼ਰ ਆਉਂਦਾ ਹੈ। ਮੈਡਮ ਬਰਾੜ ਤੋਂ ਬਾਅਦ ਮਾਸਟਰ ਬਚਿੱਤਰ ਸਿੰਘ ਨੇ ਆਪਣੀ ਰਵਾਇਤੀ ਕਵਿਸ਼ਰੀ 'ਹੁੰਦੀਆਂ ਹਨ ਮਮਤਾ ਦੀ ਮੂਰਤ ਮਾਵਾਂ ਠੰਡੀਆਂ ਛਾਵਾਂ' ਗਾ ਕੇ ਸਰੋਤਿਆਂ ਤੋਂ ਖੂਬ ਤਾੜੀਆਂ ਬਟੋਰੀਆਂ। ਅੰਤ ਵਿੱਚ ਇੰਕਾ ਸੀਨੀਅਰ ਸੋਸਾਇਟੀ ਦੇ ਕੁਆਰਡੀਨੇਟਰ ਸਰਦਾਰ ਬਿੱਕਰ ਸਿੰਘ ਸੰਧੂ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਦੋਨਾਂ ਸਨਮਾਨਤ ਸ਼ਖਸੀਅਤਾਂ ਡਾ: ਬਲਵਿੰਦਰ ਕੌਰ ਬਰਾੜ ਅਤੇ ਜੋਰਾ ਸਿੰਘ ਧਾਲੀਵਾਲ ਨੂੰ ਵਧਾਈ ਦਿੰਦਿਆਂ ਹੋਇਆ ਸਭ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅੱਜ ਇਹਨਾਂ ਨੂੰ ਸਨਮਾਨਿਤ ਕਰਕੇ ਅਸੀਂ ਆਪ ਸਨਮਾਨਤ ਮਹਿਸੂਸ ਕਰ ਰਹੇ ਹਾਂ। ਸਟੇਜ ਦੀ ਕਾਰਵਾਈ ਡਾ: ਮੁਖਤਿਆਰ ਸਿੰਘ ਬੱਡੂਵਾਲੀਏ ਨੇ ਪੂਰੀ ਜ਼ਿੰਮੇਵਾਰੀ ਨਾਲ ਨਿਭਾਈ।

# ਨਾਮਵਰ ਇਤਿਹਾਸਕਾਰ ਡਾ. ਇਸ਼ਤਿਆਕ ਅਹਿਮਦ ਵੱਲੋਂ ਭਾਰਤ ਦੀ ਵੰਡ ਬਾਰੇ ਅਹਿਮ ਖੁਲਾਸੇ




ਸਰੀ, (ਹਰਦਮ ਮਾਨ)-ਸਾਊਥ ਏਸ਼ੀਅਨ ਰਿਵਿਊ ਅਤੇ ਪੰਜਾਬੀ ਵਿਰਸਾ ਵੱਲੋਂ ਬੀਤੇ ਦਿਨ ਤਾਜ ਪਾਰਕ ਕਨਵੈਨਸ਼ਨ ਸੈਂਟਰ ਸਰੀ ਵਿਖੇ ਭਾਰਤੀ ਉਪ ਮਹਾਂਦੀਪ ਦੀ ਵੰਡ ਅਤੇ ਇਸ ਦੇ ਨਤੀਜਿਆਂ ਉੱਪਰ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ਜਿਸ ਵਿੱਚ 1947 ਦੀ ਪੰਜਾਬ ਦੀ ਵੰਡ ਬਾਰੇ ਖੋਜ ਭਰਪੂਰ ਪੁਸਤਕ 'ਲਹੂ ਲੁਹਾਣ ਪੰਜਾਬ' ਦੇ ਰਚਨਹਾਰੇ ਨਾਮਵਰ ਇਤਿਹਾਸਕਾਰ, ਵਿਗਿਆਨੀ ਅਤੇ ਵਿਦਵਾਨ ਡਾ. ਇਸ਼ਤਿਆਕ ਅਹਿਮਦ ਮੁੱਖ ਬੁਲਾਰੇ ਸਨ।ਸਮਾਗਮ ਦੀ ਸ਼ੁਰੂਆਤ ਕਰਦਿਆਂ ਨਵਰੂਪ ਸਿੰਘ ਨੇ ਸਮਾਗਮ ਵਿੱਚ ਪਹੁੰਚੀਆਂ ਸਭਨਾਂ ਸ਼ਖ਼ਸੀਅਤਾਂ ਦਾ ਸਵਾਗਤ ਕੀਤਾ। ਉਨ੍ਹਾਂ ਡਾ. ਇਸ਼ਤਿਆਕ ਅਹਿਮਦ ਦੀ ਜਾਣ ਪਛਾਣ ਕਰਵਾਉਂਦਿਆਂ ਦੱਸਿਆ ਕਿ ਡਾ. ਇਸ਼ਤਿਆਕ ਅਹਿਮਦ ਸਟੌਕਹੋਮ ਯੂਨੀਵਰਸਿਟੀ ਸਵੀਡਨ ਵਿੱਚ ਰਾਜਨੀਤੀ ਸ਼ਾਸਤਰ ਦੇ ਸੇਵਾ ਮੁਕਤ ਪ੍ਰੋਫੈਸਰ ਅਤੇ ਸਿੰਘਾਪੁਰ ਨੈਸ਼ਨਲ ਯੂਨੀਵਰਸਿਟੀ ਵਿੱਚ ਦੱਖਣੀ ਏਸ਼ੀਆ ਅਧਿਐਨ ਸੰਸਥਾਨ ਵਿੱਚ ਰਸਮੀ ਖੋਜੀ ਹਨ। ਇਨ੍ਹਾਂ ਨੇ ਸਿਆਸੀ ਇਸਲਾਮ, ਨਸਲ, ਕੌਮਵਾਦ, ਇਨਸਾਨੀ ਅਤੇ ਘੱਟ ਗਿਣਤੀਆਂ ਦੇ ਹੱਕ ਵੰਡ ਅਤੇ ਸਿਨਮੇ ਦੀ ਕਲਾ ਨੂੰ ਪੰਜਾਬ ਦੀ ਦੇਣ ਆਦਿ ਵਿਸ਼ਿਆਂ ਬਾਰੇ ਡੂੰਘਾ ਖੋਜ ਕਾਰਜ ਕੀਤਾ ਹੈ। ਉਹ ਲਾਹੌਰ ਦੇ ਅੰਗਰੇਜ਼ੀ ਅਖਬਾਰ 'ਫਰਾਈ ਡੇ' ਵਿੱਚ ਹਫਤਾਵਰੀ ਕਾਲਮ ਵੀ ਲਿਖਦੇ ਹਨ। ਉਹਨਾਂ ਦੀਆਂ ਹੁਣ ਤੱਕ ਸੱਤ ਕਿਤਾਬਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ ਤੇ ਉਹ ਬਹੁਤ ਸਾਰੇ ਖੋਜ ਪੱਤਰਾਂ ਦੇ ਘੋਖ ਕਰਤਾ ਰਹੇ ਹਨ। ਉਹਨਾਂ ਨੇ 1947 ਦੀ ਤਰਾਸਦੀ ਸਬੰਧੀ ਗੁਪਤ ਬਰਤਾਨਵੀ ਰਿਪੋਰਟਾਂ 'ਤੇ ਅਧਾਰਤ ਅਤੇ ਮੌਕੇ ਦੇ ਗਵਾਹਾਂ ਦੀ ਜ਼ਬਾਨੀ ਲਹੂ ਲਹਾਨ ਹੋਏ ਵੰਡੇ ਤੇ ਵੱਢੇ ਟੁੱਕੇ ਪੰਜਾਬ ਦੀ ਵਿਥਿਆ ਨੂੰ ਆਪਣੀ ਪੁਸਤਕ ਵਿੱਚ ਬਿਆਨ ਕੀਤਾ ਹੈ। ਇਹ ਪੁਸਤਕ ਉਹਨਾਂ ਮੂਲ ਵਿੱਚ ਅੰਗਰੇਜ਼ੀ ਵਿੱਚ ਲਿਖੀ ਸੀ ਜੋ ਬਾਅਦ ਵਿੱਚ ਉਰਦੂ, ਹਿੰਦੀ ਤੇ ਪੰਜਾਬੀ ਵਿੱਚ ਅਨੁਵਾਦ ਹੋ ਚੁੱਕੀ ਹੈ।ਡਾ. ਇਸ਼ਤਿਆਕ ਅਹਿਮਦ ਨੇ ਭਾਰਤੀ ਉਪ ਮਹਾਂਦੀਪ ਦੀ ਵੰਡ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅੰਗਰੇਜ਼ ਆਪਣੇ ਆਪ ਨੂੰ ਸਭ ਤੋਂ ਵੱਡੀ ਸਿਵਲਾਈਜੇਸ਼ਨ ਪਾਵਰ ਸਮਝਦੇ ਸਨ ਅਤੇ ਉਹ ਸਮਝਦੇ ਸਨ ਕਿ ਏਸ਼ੀਆ ਅਤੇ ਭਾਰਤ ਦੇ ਲੋਕ ਇਸ ਕਾਬਲ ਨਹੀਂ ਕਿ ਆਪਣੀ ਹਕੂਮਤ ਖ਼ੁਦ ਚਲਾ ਸਕਣ। ਅੰਗਰੇਜ਼ਾਂ ਨੇ ਭਾਰਤ ਆ ਕੇ ਚੋਣਾਂ ਦਾ ਸਿਧਾਂਤ ਲਿਆਂਦਾ ਜੋ ਸ਼ੁਰੂ ਵਿਚ ਸਿਰਫ ਇਕ ਦੋ ਪ੍ਰਤੀਸ਼ਤ ਉਨ੍ਹਾਂ ਭਾਰਤੀ ਲੋਕਾਂ ਨੂੰ ਦਿੱਤਾ ਗਿਆ ਜਿਹਨਾਂ ਕੋਲ ਵੱਡੀ ਜਾਇਦਾਦ ਅਤੇ ਵਿਦਿਅਕ ਯੋਗਤਾ ਸੀ।ਡਾ. ਇਸ਼ਤਿਆਕ ਅਹਿਮਦ ਨੇ ਤੱਥਾਂ 'ਤੇ ਆਧਾਰਤ ਦੱਸਿਆ ਕਿ ਅੰਗਰੇਜ਼ਾਂ ਨੇ ਭਾਰਤ ਉੱਪਰ ਆਪਣੀ ਹਕੂਮਤ ਕਾਇਮ ਕੀਤੀ ਅਤੇ ਉਨ੍ਹਾਂ ਕਦੇ ਵੀ ਇਹ ਨਹੀਂ ਸੀ ਚਿਤਵਿਆ ਕਿ ਇਕ ਦਿਨ ਇਹ ਹਕੂਮਤ ਛੱਡ ਕੇ ਉਨ੍ਹਾਂ ਨੂੰ ਵਾਪਸ ਇੰਗਲੈਂਡ ਜਾਣਾ ਪਵੇਗਾ। ਉਨ੍ਹਾਂ ਅੰਗਰੇਜ਼ਾਂ ਵੱਲੋਂ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਦੇ ਆਪਸੀ ਭਾਈਚਾਰੇ ਵਿਚ ਵੰਡੀਆਂ ਪਾਉਣ, ਮੁਹੰਮਦ ਅਲੀ ਜਿੱਨਾਹ ਨੂੰ ਹੱਲਾਸ਼ੇਰੀ ਦੇ ਕੇ ਭਾਰਤ ਦੀ ਵੰਡ ਲਈ ਉਕਸਾਉਣ, ਬੰਗਾਲ ਵਿਚ ਹਿੰਸਕ ਵਾਰਦਾਤਾਂ ਦੀ ਸ਼ੁਰੂਆਤ ਤੋਂ ਲੈ ਕੇ ਪੰਜਾਬ ਦੀ ਵੰਡ, ਪੰਜਾਬ ਵਿਚ ਆਪਣਿਆਂ ਹੱਥੋਂ ਮਾਰੇ 8 ਲੱਖ ਪੰਜਾਬੀਆਂ ਦੀ ਦਾਸਤਾਨ ਬਾਰੇ ਵਿਸਥਾਰ ਵਿਚ ਚਰਚਾ ਕੀਤੀ। ਉਨ੍ਹਾਂ ਦੱਸਿਆ ਕਿ ਲਗਾਤਾਰ 11 ਸਾਲਾਂ ਦੀ ਆਪਣੀ ਖੋਜ ਦੌਰਾਨ ਉਨ੍ਹਾਂ ਪਾਕਿਸਤਾਨ, ਭਾਰਤ, ਇੰਗਲੈਂਡ, ਅਮਰੀਕਾ, ਕੈਨੇਡਾ, ਸਿੰਘਾਪੁਰ ਆਦਿ ਦੇਸ਼ਾਂ ਵਿਚ ਜਾ ਕੇ 1947 ਦੀ ਪੰਜਾਬ ਵੰਡ ਤੋਂ ਪੀੜਤ ਪਰਿਵਾਰਾਂ ਦੇ ਲੱਗਭੱਗ 450 ਮੈਂਬਰਾਂ ਨਾਲ ਇੰਟਰਵਿਊ ਕੀਤੀ ਜੋ ਉਨ੍ਹਾਂ ਦੀ ਖੋਜ ਭਰਪੂਰ ਕਿਤਾਬ ਵਿਚ ਦਰਜ ਹੈ। ਉਨ੍ਹਾਂ ਕਿਹਾ ਕਿ ਇਸ ਕਿਤਾਬ ਵਿਚ ਦਰਜ ਜਾਣਕਾਰੀ ਤੱਥਾਂ ਅਤੇ ਦਸਤਾਵੇਜ਼ਾਂ 'ਤੇ ਆਧਾਰਿਤ ਹੈ। ਇਸ ਮੌਕੇ ਉਨ੍ਹਾਂ ਲੋਕਾਂ ਵੱਲੋਂ ਵੰਡ ਸਬੰਧੀ ਅਤੇ ਉਸ ਸਮੇਂ ਦੀਆਂ ਰਾਜਸੀ ਹਸਤੀਆਂ ਦੀ ਭੂਮਿਕਾ ਅਤੇ ਹੋਰ ਕਈ ਸਵਲ ਪੁੱਛੇ ਗਏ ਸਵਾਲਾਂ ਦੇ ਜਵਾਬ ਵੀ ਦਿੱਤੇ। ਉਭਰਵੇਂ ਰੂਪ ਵਿਚ ਭਾਰਤ-ਪਾਕਿ ਵੰਡ ਦੌਰਾਨ ਅੰਗਰੇਜ਼ਾਂ ਵਲੋਂ ਅਪਣਾਏ ਗਏ ਦੋ ਕੌਮੀ ਫਾਰਮੂਲੇ ਅਤੇ ਸਿੱਖ ਭਾਈਚਾਰੇ ਨੂੰ ਅਣਗੌਲੇ ਜਾਣ ਬਾਰੇ ਪੁੱਛੇ ਗਏ ਸਵਾਲਾਂ ਦੇ ਵੀ ਸਟੀਕ ਜਵਾਬ ਦਿੱਤੇ। ਉਹਨਾਂ ਇਸ ਧਾਰਣਾ ਨੂੰ ਗਲਤ ਦੱਸਿਆ ਕਿ ਉਸ ਸਮੇਂ ਸਿੱਖ ਆਗੂਆਂ ਨੇ ਵੱਖਰੀ ਸਿੱਖ ਸਟੇਟ ਦੀ ਮੰਗ ਨਹੀ ਕੀਤੀ।













# ਇੰਡੋ ਕਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਨੇ ਪੰਜਾਬ ਵਿਚ ਆਏ ਹੜਾਂ ਸਬੰਧੀ ਫਿਕਰ ਜਾਹਿਰ ਕੀਤਾ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ ) ਬੀਤੇ 13 ਸਤੰਬਰ ਨੂੰ ਇੰਡੋ ਕਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਦੀ ਮਹੀਨੇ ਵਾਰ ਮੀਟਿੰਗ ਦੌਰਾਨ ਸੰਸਥਾ ਦੇ 50 ਦੇ ਕਰੀਬ ਮੈਂਬਰਾਂ ਨੇ ਪੰਜਾਬ ਵਿੱਚ ਆਏ ਹੜਾਂ ਸਬੰਧੀ ਚਿੰਤਾ ਜਾਹਿਰ ਕੀਤੀ । ਮੰਚ ਸੰਚਾਲਨ ਕਰਦੇ ਬਲਵਿੰਦਰ ਸਿੰਘ ਬਿਰਦੀ ਹੋਰਾਂ ਨੇ ਸੰਸਥਾ ਦੇ ਪ੍ਰਧਾਨ ਸੇਵਾ ਸਿੰਘ ਪ੍ਰੇਮੀ ਨੂੰ ਮੰਚ ਉੱਪਰ ਆਉਣ ਲਈ ਸੱਦਾ ਦਿੱਤਾ । ਇਸ ਮੌਕੇ ਸੇਵਾ ਸਿੰਘ ਪ੍ਰੇਮੀ ਨੇ ਬੋਲਦਿਆਂ ਕਿਹਾ ਕਿ ਪੰਜਾਬ ਉੱਪਰ ਆਈ ਇਸ ਦੁੱਖਾਂ ਦੀ ਘੜੀ ਦੌਰਾਨ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਉਹਨਾਂ ਦੀ ਮਦਦ ਕਰਨੀ ਚਾਹੀਦੀ ਹੈ ਅਤੇ ਪੰਜਾਬੀ ਭਾਈਚਾਰਾ ਇਸ ਸਬੰਧੀ ਮੱਦਦ ਕਰ ਵੀ ਰਿਹਾ ਹੈ, ਜਿਨਾਂ ਵਿੱਚ ਸਮਾਜ ਸੇਵੀ ਸੰਸਥਾਵਾਂ ਅਤੇ ਮੰਨੇ ਪਰਮੰਨੇ ਐਕਟਰ, ਗਾਇਕ ਆਦਿ ਆਪੋ ਆਪਣਾ ਰੋਲ ਨਿਭਾ ਰਹੇ ਹਨ । ਹੜਾਂ ਦੌਰਾਨ ਆਪਣੀ ਜਾਨ ਗਵਾ ਬੈਠੇ ਹਰ ਪੀੜਤ ਲੋਕਾਂ ਦੀ ਆਤਮਿਕ ਸ਼ਾਂਤੀ ਲਈ ਇੱਕ ਮਿੰਟ ਦਾ ਮੌਨ ਵੀ ਧਾਰਿਆ ਗਿਆ। ਦਰਸ਼ਨ ਸਿੰਘ ਧਾਲੀਵਾਲ ਨੇ ਬੋਲਦਿਆਂ ਕਿਹਾ ਕਿ ਅਜਿਹੀਆਂ ਆਫਤਾਂ ਦੇ ਮੌਕੇ ਅਸਲੀ ਮੱਦਦਗਾਰ ਲੋਕ ਖੁਦ ਹੀ ਹੁੰਦੇ ਹਨ ਜਦੋਂ ਕਿ ਸਰਕਾਰਾਂ ਜਾਂ ਰਾਜਨੀਤਕ ਪਾਰਟੀਆਂ ਤਾਂ ਸਿਰਫ ਸੋਸ਼ਲ ਮੀਡੀਆ ਉੱਪਰ ਦਿਖਾਵੇ ਦੀ ਦੌੜ ਵਿੱਚ ਹੀ ਸ਼ਾਮਿਲ ਰਹਿੰਦੀਆਂ ਹਨ । ਜਗਦੇਵ ਸਿੰਘ ਸਿੱਧੂ ਹੋਰਾਂ ਨੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਕੀਤੀ ਜਾ ਰਹੀ ਮੱਦਦ ਬਾਰੇ ਸਾਰਥਕ ਨਤੀਜਿਆਂ ਦੀ ਕਾਮਨਾ ਕੀਤੀ ਅਤੇ ਉਹਨਾਂ ਮੂਲ ਨਿਵਾਸੀ ਭਾਈਚਾਰੇ ਦੇ ਲੋਕਾਂ ਸਬੰਧੀ 30 ਸਤੰਬਰ ਨੂੰ ਮਨਾਏ ਜਾਣ ਬਾਰੇ ਦਿਹਾੜੇ ਵਿੱਚ ਪੰਜਾਬੀ ਭਾਈਚਾਰੇ ਨੂੰ ਸ਼ਾਮਿਲ ਹੋਣ ਦੀ ਅਪੀਲ ਵੀ ਕੀਤੀ। ਹਰਚੰਦ ਸਿੰਘ, ਗੁਰਦਿਆਲ ਸਿੰਘ ਖਹਿਰਾ, ਗੁਰਜੀਤ ਕੌਰ ਬਵੇਜਾ, ਕੁਲਦੀਪ ਕੌਰ ਨੀਰ, ਦਿਲਾਵਰ ਸਿੰਘ ਸਮਰਾ,ਅਤੇ ਸਤਵਿੰਦਰ ਕੌਰ ਫਰਵਾਨ ਹੋਰਾਂ ਨੇ ਹੜਾਂ ਅਤੇ ਸਮਾਜ ਦੇ ਚਿੰਤਾਜਨਕ ਵਰਤਾਰਿਆਂ ਸਬੰਧੀ ਆਪਣੀਆਂ ਕਵਿਤਾਵਾਂ ਪੇਸ਼ ਕਰਦਿਆਂ ਵਿਚਾਰ ਰੱਖੇ ।ਅਖੀਰ ਤੇ ਸੇਵਾ ਸਿੰਘ ਪ੍ਰੇਮੀ ਨੇ ਸਾਰੇ ਆਏ ਹੋਏ ਸੱਜਣਾਂ ਦਾ ਅੱਜ ਦੀ ਹਾਜ਼ਰੀ ਲਈ ਧੰਨਵਾਦ ਕੀਤਾ।

# ਅਰਪਨ ਲਿਖਾਰੀ ਸਭਾ ਦੀ ਮਿਲਣੀ ਮੌਕੇ ਵਿਛੜੀਆਂ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਸਤੰਬਰ ਮਹੀਨੇ ਦੀ ਮੀਟਿੰਗ ਪ੍ਰਧਾਨ ਜਸਵੰਤ ਸਿੰਘ ਸੇਖੋਂ ਜਰਨੈਲ ਸਿੰਘ ਤੱਗੜ, ਮਾ: ਹਰਭਜਨ ਸਿੰਘ ਅਤੇ ਸੁਭਾਸ਼ ਸ਼ਰਮਾ ਦੀ ਪ੍ਰਧਾਨਗੀ ਵਿੱਛੜ ਗਈਆਂ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ ਦੇਣ ਲਈ ਸਭਾ ਵੱਲੋਂ ਇੱਕ ਮਿੰਟ ਦਾ ਮੋਨ ਧਾਰਨ ਕਰਕੇ ਡਾ: ਮਹਿੰਦਰ ਸਿੰਘ ਹੱਲਣ, ਡਾ: ਜਸਵਿੰਦਰ ਸਿੰਘ ਭੱਲਾ ਅਤੇ ਕੈਲਗਰੀ ਤੋਂ ਸਾਬਕਾ ਐਮ ਐਲ ਏ ਰਹੇ ਪ੍ਰਭ ਗਿੱਲ ਦੇ ਨੌਜੁਆਨ ਸਪੁੱਤਰ ਕਾਕਾ ਅਰਜਣ ਸਿੰਘ ਗਿੱਲ ਜੋ ਪਿਛਲੇ ਦਿਨੀਂ ਇੱਕ ਸੜਕ ਹਾਦਸੇ ਵਿੱਚ ਸਦੀਵੀ ਵਿਛੋੜਾ ਦੇ ਗਿਆ ਸੀ, ਨੂੰ ਸ਼ਰਧਾਂਜਲੀ ਦਿੱਤੀ ਗਈ। ਸਤਨਾਮ ਸਿੰਘ ਢਾਹ ਨੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਰਨੈਲ ਸਿੰਘ ਪਾਰਸ ਦੀ ਲਿਖੀ ਕਵਿਤਾ 'ਜੱਗ ਜੰਕਸ਼ਨ ਰੇਲਾਂ ਦਾ' ਸੁਣਾਈ ਅਤੇ ਨਾਲ ਹੀ ਡਾ: ਮਹਿੰਦਰ ਸਿੰਘ ਦੇ ਕੁਲੀਗ ਰਹੇ ਇੰਗਲੈਂਡ ਤੋਂ ਗੁਰਨਾਮ ਢਿੱਲੋਂ ਅਤੇ ਟੋਰਂਟੋ ਤੋਂ ਉਨ੍ਹਾਂ ਦੇ ਸ਼ਾਗਿਰਦ ਰਹੇ ਕਹਾਣੀਕਾਰ ਵਰਿਆਮ ਸਿੰਘ ਸੰਧੂ ਵੱਲੋਂ ਭੇਜੇ ਗਏ ਸ਼ਰਧਾਂਜਲੀ ਸੁਨੇਹੇ ਪੜ੍ਹ ਕੇ ਸੁਣਾਏ। ਸੁਭਾਸ਼ ਸ਼ਰਮਾਂ ਨੇ ਜਸਵਿੰਦਰ ਭੱਲਾ ਦੀ ਜ਼ਿੰਦਗੀ ਤੇ ਚਾਨਣਾ ਪਾਉਂਦਿਆਂ ਆਪਣੇ ਛੋਟੇ ਭਰਾ ਬਾਲ ਮੁਕੰਦ ਸਰਮਾਂ ਦੇ ਇਕੱਠਿਆਂ ਕੰਮ ਕਰਨ ਅਤੇ ਆਪਣੀਆਂ ਪਰਿਵਾਰਕ ਸਾਂਝਾਂ ਦਾ ਜਿਕਰ ਵੀ ਕੀਤਾ। ਉਨ੍ਹਾਂ ਆਖਿਆ ਕਿ ਭੱਲੇ ਕੋਲ ਵਿਅੰਗ ਕਰਨ ਦਾ ਨੈਚੁਰਲ-ਟੈਲਿੰਟ ਸੀ। ਉਹ ਆਪਣੇ ਮਿੱਤਰਾਂ ਦੋਸਤਾਂ ਇਥੇ ਤੱਕ ਕਿ ਆਪਣੇ ਪਰਿਵਾਰਕ ਮੈਂਬਰ ਤੇ ਵੀ ਅਜਿਹਾ ਵਿਅੰਗ ਕਰ ਜਾਂਦਾ ਸੀ ਕਿ ਅਗਲਾ ਗੁੱਸਾ ਵੀ ਨਹੀਂ ਸੀ ਕਰਦਾ। ਪੰਜਾਬ ਵਿਚ ਆਏ ਹੜ੍ਹਾਂ ਬਾਰੇ ਜਸਵੰਤ ਸਿੰਘ ਸੇਖੋਂ ਦੀ ਲਿਖੀ ਕਵਿਤਾ 'ਰੱਬ ਦੀ ਰਜ਼ਾ' ਸਰਕਾਰਾਂ ਦੀ ਕਾਰਗੁਜ਼ਾਰੀ 'ਤੇ ਤਿੱਖਾ ਵਿਅੰਗ ਕਰਦੀ ਕਵਿਤਾ ਪੇਸ਼ ਕੀਤੀ। ਜਗਦੇਵ ਸਿੰਘ ਸਿੱਧੂ ਨੇ ਕੈਨੇਡੀਅਨ ਨੇਟਿਵ ਲੋਕਾਂ ਬਾਰੇ ਪੰਜਾਬੀ ਭਾਈਚਾਰੇ ਨੂੰ ਸੁਨੇਹਾ ਦਿੰਦੇ ਹੋਏ ਕਿਹਾ ਕਿ ਸਾਨੂੰ ਉਨ੍ਹਾਂ ਬਾਰੇ ਆਪਣੀ ਸੋਚ ਬਦਲਣ ਦੀ ਲੋੜ ਹੈ। ਨਾਲ ਹੀ ਉਨ੍ਹਾਂ ਨੇ ਅੰਗਰੇਜ਼ਾਂ ਵੱਲੋਂ ਕੀਤੇ ਤਸ਼ੱਦਦ ਦੀ ਦਾਸਤਾਨ ਇਕ ਬੱਚੀ ਦੀ ਜੁਬਾਨੀ, ਜਿਨ੍ਹਾਂ ਨਾਲ ਰੈਜ਼ੀਡੈਸ਼ਲ ਸਕੂਲਾਂ ਵਿਚ ਹੋਏ ਜ਼ੁਲਮ ਦੀ ਮੂੰਹ ਬੋਲਦੀ ਤਸਵੀਰ ਵਾਲ਼ੀ ਕਵਿਤਾ ਸੁਣਾ ਕੇ ਸਰੋਤਿਆਂ ਦੀਆਂ ਅੱਖਾਂ ਨਮ ਕਰ ਦਿੱਤੀਆਂ। ਲਖਵਿੰਦਰ ਸਿੰਘ ਜੌਹਲ,ਬੀਬਾ ਰਵਿੰਦਰ ਕੌਰ, ਜਸਵਿੰਦਰ ਸਿੰਘ, ਪਰਮਜੀਤ, ਜੈ ਸਿੰਘ ਉੱਪਲ਼ ਸਤਨਾਮ ਸਿੰਘ ਸ਼ੇਰਗਿੱਲ, ਸਰੂਪ ਸਿੰਘ ਮੰਡੇਰ, ਤਰਲੋਕ ਸਿੰਘ ਚੁੱਘ, ਚਰਨਜੀਤ ਸਿੰਘ ਫੁੱਲ, ਹਰਮਿੰਦਰਪਾਲ ਸਿੰਘ,ਮਾ: ਹਰਭਜਨ ਸਿੰਘ, ਕਿਰਨਜੋਤ ਹੁੰਝਣ, ਜੀਰ ਸਿੰਘ ਬਰਾੜ, ਜਰਨੈਲ ਸਿੰਘ ਤੱਗੜ,ਸੁਖਪ੍ਰੀਤ ਸਿੰਘ ਦੌਲਤ, ਬੀਬਾ ਬਲਜਿੰਦਰ ਕੌਰ, ਦਰਸ਼ਨ ਸਿੰਘ ਬਰਾੜ ਨੇ ਵੀ ਮੰਚ ਉਪਰੋਂ ਆਪੋ ਆਪਣੀ ਪੇਸ਼ਕਾਰੀ ਕੀਤੀ।ਇਨ੍ਹਾਂ ਤੋਂ ਇਲਾਵਾ ਮੁਖਵਿੰਦਰ ਸਿੰਘ ਉਪਲ,ਜਸਪਿੰਦਰ ਸਿੰਘ, ਮਹਿੰਦਰ ਕੌਰ ਕਾਲ਼ੀਰਾਏ, ਅਵਤਾਰ ਕੌਰ ਤੱਗੜ ਅਤੇ ਸੁਖਦੇਵ ਕੌਰ ਢਾਅ ਦੀ ਹਾਜ਼ਰੀ ਵੀ ਜਿਕਰ ਯੋਗ ਰਹੀ।









# ਆਓ ਪਹਿਲਾਂ ਪੰਜਾਬ ਦੇ ਸਿਆਸੀ ਹਾਲਾਤ ਵੱਲ ਵੇਖੀਏ



ਗੁਰਮੀਤ ਸਿੰਘ ਪਲਾਹੀ
-9815802070

ਕਦੇ ਪੰਜਾਬ ਦੀ ਪ੍ਰਮੁੱਖ ਸਿਆਸੀ ਧਿਰ ਗਿਣਿਆ ਜਾਣ ਵਾਲਾ ਸ੍ਰੋਮਣੀ ਅਕਾਲੀ ਦਲ ਅੱਜ ਅੰਦਰੂਨੀ ਕਾਟੋ-ਕਲੇਸ਼ ਕਾਰਨ ਖ਼ਤਰਨਾਕ ਤੌਰ 'ਤੇ ਟੁੱਟ ਚੁੱਕਾ ਹੈ। ਇੱਕ ਧਿਰ ਗਿਆਨੀ ਹਰਪ੍ਰੀਤ ਸਿੰਘ ਨਾਲ ਬੱਝੀ ਹੈ। ਦੂਜੇ ਧਿਰ 'ਤੇ ਸੁਖਬੀਰ ਸਿੰਘ ਬਾਦਲ ਦਾ ਕਬਜ਼ਾ ਹੈ ਅਤੇ ਤੀਜੀ ਧਿਰ ਸਿੱਖ ਰਾਜਨੀਤੀ ਦੀ ਤਾਕਤ ਰੂਪ ਵਿੱਚ ਅੱਗੇ ਵੱਧ ਰਹੇ ਸ਼੍ਰੋਮਣੀ ਅਕਾਲੀ ਦਲ (ਵਾਰਿਸ ਪੰਜਾਬ ਦੇ )ਦੀ ਹੈ। ਇਹ ਸਾਰੀਆਂ ਧਿਰਾਂ ਨਵੀਂ ਦਿੱਲੀ ਦੇ ਵਿਰੋਧ ਵਿੱਚ ਖੜੀਆਂ ਹਨ। ਪਰ ਇਹ ਸਿੱਖ ਵੋਟ ਆਪੋ-ਆਪਣੇ ਫ਼ਾਇਦਿਆਂ, ਮੁੱਦਿਆਂ ਨੂੰ ਲੈ ਕੇ ਵੰਡੀ ਹੋਈ ਨਜ਼ਰ ਆਉਂਦੀ ਹੈ।

ਭਾਜਪਾ ਇੱਕ ਲਗਾਤਾਰ ਚੋਣ ਲੜਨ ਵਾਲੀ ਸੈਨਾ ਦੀ ਤਰ੍ਹਾਂ ਹੈ ਅਤੇ ਪੰਜਾਬ ਵਿੱਚ ਸਰਗਰਮ ਹੈ। ਉਸ ਦੇ ਨੇਤਾ ਸੋਚਦੇ ਹਨ ਕਿ ਜੇਕਰ ਸਿੱਖ ਵੋਟ ਤਿੰਨ ਹਿੱਸਿਆਂ- ਸ਼੍ਰੋਮਣੀ ਅਕਾਲੀ ਦਲ (ਦੋਵੇਂ ਧੜੇ), ਕਾਂਗਰਸ ਅਤੇ ਗਰਮ ਖਿਆਲੀਆਂ ਦਰਮਿਆਨ ਵੰਡੀ ਜਾਏ ਤਾਂ ਉਹ ਇਕੱਲਿਆਂ ਸੱਤਾ ਹਾਸਲ ਕਰ ਸਕਦੀ ਹੈ।

ਹਿੰਦੂ-ਮੁਸਲਿਮ ਧਰੁਵੀਕਰਨ ਦੇ ਜ਼ਰੀਏ ਜਿੱਤਣਾ ਖ਼ਾਸ ਕਰਕੇ ਉੱਥੇ, ਜਿੱਥੇ ਮੁਸਲਮਾਨ ਘੱਟ ਗਿਣਤੀ ਵਿੱਚ ਹਨ, ਭਾਜਪਾ ਦੀ ਰਣਨੀਤੀ ਹੈ ਪਰ ਪੰਜਾਬ ਚ ਸਥਿਤੀ ਬਿਲਕੁਲ ਵੱਖਰੀ ਹੈ। ਇੱਥੇ ਸਿੱਖ ਬਹੁਮਤ ਵਿੱਚ ਹਨ।

ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਵੀ ਅਕਾਲੀਆਂ ਦਾ ਪ੍ਰਦਰਸ਼ਨ ਇਸ ਲਈ ਇੰਨਾ ਖਰਾਬ ਰਿਹਾ ਸੀ, ਕਿਉਂਕਿ ਉਨਾਂ ਦਾ ਅੱਧਾ ਵੋਟ, ਲਗਭਗ 13 ਫ਼ੀਸਦੀ ਗਰਮ ਖਿਆਲੀਆਂ ਨੇ ਹਥਿਆ ਲਿਆ। ਚਾਹੇ ਕਿਸੇ ਨੂੰ ਪਸੰਦ ਆਵੇ ਜਾਂ ਨਾ ਆਵੇ ਲੇਕਿਨ ਪੰਜਾਬ ਗਰਮ ਖਿਆਲੀਆਂ ਦੀ ਹਰਮਨ ਪਿਆਰਤਾ ਬਣ ਚੁੱਕਿਆ ਹੈ । ਲੋਕਾਂ ਦਾ ਅਕਾਲੀਆਂ ਤੋਂ ਮੋਹ-ਭੰਗ ਵੱਧ ਰਿਹਾ ਹੈ। ਭਾਜਪਾ ਨੂੰ ਧਰੁਵੀਕਰਨ ਵਾਲੀ ਪਾਰਟੀ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ।

ਭਾਜਪਾ ਸਭ ਕੁਝ ਜਿੱਤਣ ਦੀ ਸੋਚ ਰੱਖਦੀ ਹੈ । ਪੰਜਾਬ ਦੀ ਉਸ ਤੋਂ ਦੂਰੀ ਭਾਜਪਾ ਨੂੰ ਪ੍ਰੇਸ਼ਾਨ ਕਰ ਰਹੀ ਹੈ। ਹੁਣ ਤੱਕ ਇੱਕ ਵੇਰ ਹੀ ਉਹ ਸੱਤਾ ਵਿੱਚ ਆਈ ਹੈ, ਉਹ ਵੀ ਸ਼੍ਰੋਮਣੀ ਅਕਾਲੀ ਦਲ ਨਾਲ ਸਾਂਝੀਦਾਰ ਬਣਕੇ। ਇਹ ਕਦਮ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ 1990 ਦੇ ਦਹਾਕੇ ਚ ਉਠਾਇਆ ਸੀ ਪਰ ਮੌਜੂਦਾ ਹਾਕਮਾਂ ਨੇ ਇਹ ਗੱਠਜੋੜ ਤੋੜ ਕੇ ਇਕੱਲਿਆਂ ਚੋਣ ਲੜਨ ਦਾ ਫ਼ੈਸਲਾ ਲਿਆ। ਇਸ ਨਾਲ ਭਾਜਪਾ ਨੂੰ ਪੰਜਾਬ 'ਚ ਕੋਈ ਫ਼ਾਇਦਾ ਨਹੀਂ ਮਿਲਿਆ। ਲੇਕਿਨ ਪੰਜਾਬ ਚ ਉਸਦੀ ਵੋਟ ਪ੍ਰਤੀਸ਼ਤ ਵਧੀ ਹੈ।

2022 'ਚ ਵਿਧਾਨ ਸਭਾ ਵਿੱਚ ਇਹ 6.6 ਫ਼ੀਸਦੀ ਸੀ, ਜੋ 2024 ਲੋਕ ਸਭਾ 'ਚ 18.56 ਫ਼ੀਸਦੀ ਹੋ ਗਈ। ਇਸ ਤਰ੍ਹਾਂ ਉਹ ਆਪਣੇ ਪੁਰਾਣੇ ਸਾਂਝੀਵਾਲ ਸ਼੍ਰੋਮਣੀ ਅਕਾਲੀ ਦਲ ਤੋਂ ਅੱਗੇ ਨਿਕਲ ਗਈ, ਜਿਸ ਨੂੰ 13.2 ਫ਼ੀਸਦੀ ਵੋਟਾਂ ਮਿਲੀਆਂ ਜਦ ਕਿ ਆਮ ਆਦਮੀ ਪਾਰਟੀ 26 ਫ਼ੀਸਦੀ ਅਤੇ ਕਾਂਗਰਸ ਵੀ 26 ਫ਼ੀਸਦੀ ਵੋਟਾਂ ਲੈ ਗਈ।

ਆਮ ਆਦਮੀ ਪਾਰਟੀ ਪੰਜਾਬ ਚ ਉਹ ਕੁਝ ਨਹੀਂ ਕਰ ਸਕੀ, ਜਿਸ ਦੀ ਤਵੱਕੋ ਪੰਜਾਬ ਵਾਸੀ ਕਰ ਰਹੇ ਸਨ। ਬਿਨਾਂ ਸ਼ੱਕ ਲੋਕਾਂ ਦੇ ਘਰਾਂ ਦੀ ਬਿਜਲੀ ਮੁਆਫ਼ੀ ਅਤੇ ਕੁਝ ਹੋਰ ਭਲਾਈ ਕੰਮਾਂ ਨੇ ਆਮ ਆਦਮੀ ਪਾਰਟੀ ਨੂੰ ਹਾਲੇ ਤੱਕ ਲੋਕਾਂ ਦੇ ਨੇੜੇ ਰੱਖਿਆ ਹੋਇਆ ਹੈ ਪਰ ਉਹ ਭ੍ਰਿਸ਼ਟਾਚਾਰ ਨੂੰ ਠੱਲ ਨਹੀਂ ਪਾ ਸਕੀ। ਰੇਤ ਮਾਫੀਆ ਉਹਨਾ ਤੋਂ ਕਾਬੂ ਨਹੀਂ ਹੋਇਆ। ਲੋਕਾਂ ਚ ਇਹ ਪ੍ਰਚਾਰ ਵਧਦਾ ਜਾ ਰਿਹਾ ਹੈ ਕਿ ਪੰਜਾਬ ਦੀ ਸਰਕਾਰ ਨੂੰ ਲੋਕ ਦਿੱਲੀਓਂ ਚਲਾਉਂਦੇ ਹਨ। ਜਿਸ ਨੂੰ ਆਮ ਪੰਜਾਬੀ ਕਦੇ ਮਾਨਸਿਕ ਤੌਰ 'ਤੇ ਪ੍ਰਵਾਨ ਨਹੀਂ ਕਰਦੇ। ਉੱਪਰੋਂ ਹੜ੍ਹਾਂ ਦੀ ਵਿਆਪਕ ਮਾਰ ਨੇ ਪੰਜਾਬ ਦੀ ਸਰਕਾਰ ਉੱਤੇ ਇੰਨੇ ਕੁ ਸਵਾਲ ਖੜੇ ਕਰ ਦਿੱਤੇ ਹਨ ਕਿ 'ਆਪ ਸੂਬਾ ਸਰਕਾਰ' ਕਟਹਿਰੇ ਚ ਖੜੀ ਵਿਖਾਈ ਦੇ ਰਹੀ ਹੈ।

ਆਲ ਇੰਡੀਆ ਕਾਂਗਰਸ ਪਾਰਟੀ ਪੰਜਾਬ 'ਚ ਅੱਗੇ ਤਾਂ ਵੱਧ ਰਹੀ ਹੈ, ਦੇਸ਼ ਦੀਆਂ ਬਦਲ ਰਹੀਆਂ ਹਾਲਤਾਂ ਦੇ ਮੱਦੇ ਨਜ਼ਰ, ਪਰ ਪੰਜਾਬ 'ਚ ਇਸ ਦੀ ਲੀਡਰਸ਼ਿਪ ਖੱਖੜੀਆਂ-ਖੱਖੜੀਆਂ ਹੋਈ ਪਈ ਹੈ, ਲੋਕ ਇਸ ਪਾਰਟੀ ਨੂੰ ਪੰਜਾਬ 'ਚ ਬਦਲ ਦੇ ਰੂਪ 'ਚ ਤਾਂ ਵੇਖਦੇ ਹਨ ਪਰ ਜ਼ਮੀਨੀ ਪੱਧਰ ਉੱਤੇ ਕਾਂਗਰਸ ਦੀ ਕਾਰਗੁਜ਼ਾਰੀ ਵਿਰੋਧੀ ਧਿਰ ਵਜੋਂ ਤਸੱਲੀ ਬਖਸ਼ ਨਹੀਂ ਹੈ। ਪੰਜਾਬ 'ਚ ਜਿੰਨੇ 5-6 ਕੁ ਉਪਰਲੇ ਕਾਂਗਰਸੀ ਹਨ, ਸਾਰੇ ਹੀ ਮੁੱਖ ਮੰਤਰੀ ਬਨਣ ਦੇ ਇਛੁੱਕ ਹਨ।

ਪੰਜਾਬ ਚ ਬਾਕੀ ਸਿਆਸੀ ਧਿਰਾਂ ਖੱਬੇ ਪੱਖੀ, ਬਸਪਾ, ਸ੍ਰੋਮਣੀ ਅਕਾਲੀ ਦਲ (ਮਾਨ) ਆਪੋ-ਆਪਣੇ ਤੌਰ 'ਤੇ ਪੰਜਾਬ 'ਚ ਆਪਣੀ ਹੋਂਦ ਵਿਖਾਉਣ ਲਈ ਤਤਪਰ ਦਿਸਦੇ ਹਨ, ਪਰ ਉਨਾਂ ਦੀਆਂ ਸਿਆਸੀ ਪ੍ਰਾਪਤੀਆਂ ਵਜੋਂ ਪ੍ਰਸ਼ਨ ਚਿੰਨ੍ਹ ਵੱਧ ਹਨ।

ਪੰਜਾਬ ਚ ਆਈ ਵੱਡੀ ਆਫਤ ਹੜ੍ਹਾਂ ਨੇ ਸਿਆਸੀ ਧਿਰਾਂ ਅਤੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ। ਪੰਜਾਬ ਦੀ ਸਰਕਾਰ ਸੀਮਤ ਸਾਧਨਾਂ ਨਾਲ ਲੋਕਾਂ ਪੱਲੇ ਉਹ ਕੁਝ ਨਹੀਂ ਪਾ ਸਕੀ ਜਿਸ ਦੀ ਆਸ ਲੋਕਾਂ ਨੂੰ ਸੀ। ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਪੀੜਤ ਲੋਕਾਂ ਤੱਕ ਪਹੁੰਚ ਦੂਰ ਰਹੀ ਹੈ। ਫੋਟੋ ਖਿਚਵਾਉਣ ਤੱਕ ਦੀ ਮਸ਼ਕ ਨਾਲ ਉਹਨਾ ਦੀ ਲੋਕਾਂ ਨਾਲ ਦੂਰੀ ਵਧ ਗਈ। ਇਹ ਦੂਰੀ ਹੁਣ ਹੋਰ ਵੀ ਵਧ ਰਹੀ ਹੈ, ਜਦੋਂ ਭਾਜਪਾ, ਆਪ, ਕਾਂਗਰਸ, ਅਕਾਲੀ, ਹੜ੍ਹ ਰਾਹਤ ਫੰਡ ਸੰਬੰਧੀ ਬੇਤੁਕੀ ਦੂਸ਼ਣਵਾਜੀ ਕਰ ਰਹੇ ਹਨ। ਆਖ਼ਿਰ ਪੀੜਤਾਂ ਨੂੰ ਇਸ ਦਾ ਕੀ ਲਾਭ ਹੋਏਗਾ? ਇਹੋ ਜਿਹੀ ਔਖੀ ਘੜੀ ਵੋਟ-ਰਾਜਨੀਤੀ ਨਿੰਦਣਯੋਗ ਹੈ।

ਕੇਂਦਰ ਦੀ ਸਰਕਾਰ ਦੇ ਮੁਖੀ ਨਰਿੰਦਰ ਮੋਦੀ ਨੇ 1600 ਕਰੋੜ ਪੰਜਾਬ ਲਈ ਫੌਰੀ ਰਾਹਤ ਐਲਾਨੀ ਹੈ। ਮੋਦੀ ਜੀ ਦੇ ਦੌਰੇ ਤੋਂ ਵੱਡੀ ਰਾਹਤ ਦੀ ਉਮੀਦ ਸੀ, ਉਹ ਰਤਾ ਭਰ ਵੀ ਪੂਰੀ ਨਹੀਂ ਹੋਈ। ਇਹਨਾ ਐਲਾਨਾਂ ਨਾਲ ਪੰਜਾਬੀ ਇਸ ਦੌਰੇ ਉਪਰੰਤ ਪਰੇਸਾਨ ਹੋਏ ਹਨ। ਪੰਜਾਬ ਚ ਹੜ੍ਹਾਂ ਨੇ ਭਿਆਨਕ ਤਬਾਹੀ ਮਚਾਈ। ਸੂਬੇ ਦੇ 2185 ਪਿੰਡ ਹੜ੍ਹਾਂ ਦੇ ਪਾਣੀ ਦੀ ਮਾਰ ਹੇਠ ਆਏ। ਪੰਜਾਬ 'ਚ 1.91 ਲੱਖ ਹੈਕਟੇਅਰ ਫ਼ਸਲ ਬਰਬਾਦ ਹੋ ਗਈ। ਸਰਕਾਰ ਵੱਲੋਂ ਤੁਛ ਜਿਹੀ ਰਕਮ 20 ਹਜ਼ਾਰ ਰੁਪਏ ਪ੍ਰਤੀ ਏਕੜ ਫ਼ਸਲ ਮੁਆਵਜ਼ੇ ਦਾ ਐਲਾਨ ਹੋਇਆ ਹੈ।

ਵੱਖੋ ਵੱਖਰੀਆਂ ਸਿਆਸੀ ਧਿਰਾਂ ਕੇਂਦਰੀ ਰਾਹਤ ਨੂੰ ਪੰਜਾਬ ਲਈ ਮਜ਼ਾਕ ਕਹਿ ਰਹੀਆਂ ਹਨ। ਕੇਂਦਰ ਤੇ ਰਾਜ ਸਰਕਾਰ ਦਰਮਿਆਨ 'ਕੌਮੀ ਆਫ਼ਤ ਰਾਹਤ ਫੰਡ' ਨੂੰ ਲੈ ਕੇ ਘਮਸਾਨ ਛਿੜਿਆ ਹੋਇਆ ਹੈ। ਹੜ੍ਹਾਂ ਦੇ ਪਾਣੀ ਤੋਂ ਥੋੜੀ ਰਾਹਤ ਮਿਲਣ ਤੇ ਪਿੰਡਾਂ ਦੇ ਲੋਕ ਆਪਣੇ ਖੇਤਾਂ, ਘਰਾਂ ਦੀ ਸਾਰ ਲੈ ਰਹੇ ਹਨ। ਵਲੰਟੀਅਰ ਸੰਸਥਾਵਾਂ, ਕਿਸਾਨ ਜੱਥੇਬੰਦੀਆਂ ਉਨਾਂ ਨਾਲ ਖੜੀਆਂ ਹਨ। ਕਿਧਰੇ-ਕਿਧਰੇ ਸਿਆਸੀ ਧਿਰਾਂ ਵੀ ਪੁੱਜਦੀਆਂ ਹਨ। ਕਿਸਾਨ, ਖੇਤ ਮਜ਼ਦੂਰ, ਪੇਂਡੂ ਲੋਕ ਹੜ੍ਹਾਂ ਦੀ ਮਾਰ ਨਾਲ ਪੂਰੀ ਤਰ੍ਹਾਂ ਪਿੰਜੇ ਗਏ ਹਨ। ਸਿਆਸੀ ਧਿਰਾਂ ਤੇ ਸਰਕਾਰ ਵੱਲੋਂ ਐਲਾਨ 'ਤੇ ਐਲਾਨ ਹੋ ਰਹੇ ਹਨ। ਪੰਜਾਬ ਦੇ ਹੜ੍ਹ ਪੀੜਤਾਂ ਨੂੰ ਰਾਹਤ ਕੇਵਲ ਐਲਾਨਾਂ ਨਾਲ ਨਹੀਂ ਮਿਲਣੀ ।

ਇਸ ਸਭ ਕੁਝ ਦੇ ਦਰਮਿਆਨ ਲੋਕਾਂ ਦੇ ਮਨਾਂ 'ਚ ਇਹ ਗੱਲ ਘਰ ਕਰ ਰਹੀ ਹੈ ਕਿ ਕੇਂਦਰੀ ਹਾਕਮ ਪੰਜਾਬ ਨਾਲ ਨਫ਼ਰਤ ਕਰਦੇ ਹਨ। ਪੰਜਾਬ ਨੂੰ ਤਬਾਹ ਕਰਨਾ ਚਾਹੁੰਦੇ ਹਨ। ਉਹ ਕਹਿੰਦੇ ਹਨ ਕਿ 1600 ਕਰੋੜ ਦੇ ਐਲਾਨ ਨੇ ਪੰਜਾਬ ਦੇ ਜਜ਼ਬਾਤ ਨੂੰ ਵਲੂੰਦਰਿਆ ਹੈ। 12000 ਕਰੋੜ ਰਾਹਤ ਇੱਕ ਛਲਾਵਾ ਹੈ। ਅਸਲ ਵਿੱਚ ਉਦੋਂ ਜਦੋਂ ਹੁਣ ਪੰਜਾਬ ਨੂੰ ਵਿਸ਼ੇਸ਼ ਰਾਹਤ ਪੈਕਜ ਦੀ ਲੋੜ ਹੈ। ਉਦੋਂ ਜਦੋਂ ਹੁਣ ਪੰਜਾਬ ਨੂੰ ਪਿੰਡਾਂ ਦੀਆਂ ਸੜਕਾਂ, ਬੁਨਿਆਦੀ ਢਾਂਚੇ ਅਤੇ ਲੋਕਾਂ ਦੇ ਘਰਾਂ ਦੇ ਮੁੜ ਉਸਾਰੀ ਦੀ ਲੋੜ ਹੈ, ਪੰਜਾਬ ਵੱਲ ਹਾਕਮ ਪਿੱਠ ਕਰੀ ਬੈਠੇ ਹਨ। ਪੰਜਾਬ ਉਧੜ ਗਿਆ ਹੈ। ਇਸ ਨੂੰ ਮੁੜ ਉਨਣ ਦੀ ਲੋੜ ਹੈ। ਲੋਕ ਮਨੋਵਿਗਿਆਨਿਕ ਤੌਰ ਤੇ ਪਰੇਸ਼ਾਨ ਹੋ ਉਠੇ ਹਨ। ਇਹਨਾਂ ਨੂੰ ਸਾਂਭਣ ਦੀ ਲੋੜ ਹੈ।

ਭਾਵੇਂ ਦੇਸ਼ ਦੇ ਹੋਰ ਸੂਬਿਆਂ ਜੰਮੂ ਕਸਮੀਰ, ਉੱਤਰਾਖੰਡ, ਹਿਮਾਚਲ 'ਚ ਹੜ੍ਹਾਂ ਨੇ ਜਨਜੀਵਨ ਉਥਲ-ਪੁਥਲ ਕਰ ਦਿੱਤਾ ਹੈ। ਪਰ ਪੰਜਾਬ 'ਚ ਸਥਿਤੀ ਗੰਭੀਰ ਹੈ। ਇਸ ਗੰਭੀਰ ਸਥਿਤੀ ਵਿੱਚੋਂ ਕਿਵੇਂ ਨਿਕਲਿਆ ਜਾਵੇ, ਇਹ ਵੱਡਾ ਸਵਾਲ ਹੈ। ਸਵਾਲ ਇਹ ਵੀ ਹੈ ਕਿ ਪੰਜਾਬ ਉਜੜਦਾ ਹੈ, ਮੁੜ-ਮੁੜ ਉਜੜਦਾ ਹੈ, ਪਰ ਇਸਦੀ ਸਾਂਭ-ਸੰਭਾਲ ਤੇ ਦੇਖ-ਰੇਖ ਦੇਸ਼ "ਸਕੇ ਪੁੱਤਰ" ਵਾਂਗਰ ਨਹੀਂ ਕਰਦਾ। ਜਿਹੜਾ ਹਰ ਘੜੀ ਦੇਸ਼ ਨਾਲ ਔਖੇ ਵੇਲਿਆਂ 'ਚ ਖੜਦਾ ਹੈ। ਬਾਹਰੀ ਹਮਲਿਆਂ ਵੇਲੇ ਵੀ, ਅੰਨ ਭੰਡਾਰਨ ਵੇਲੇ ਵੀ।

ਲੋਕ ਸਮਝਣ ਲੱਗੇ ਹਨ ਕਿ ਪੰਜਾਬ ਨਾਲ ਵੱਡੇ ਹਾਕਮ ਮਤਰੇਆ ਸਲੂਕ ਕਰ ਰਹੇ ਹਨ। ਪੰਜਾਬ ਨਾਲ ਕੀਤੇ ਮਤਰੇਏ ਸਲੂਕ ਕਾਰਨ ਪੈਦਾ ਹੋਈ ਦੂਰੀ ਹੋਰ ਵੱਧ ਰਹੀ ਹੈ। ਪ੍ਰਧਾਨ ਮੰਤਰੀ ਦੇ ਦੌਰੇ ਤੋਂ ਬਾਅਦ 12 ਹਜ਼ਾਰ ਕਰੋੜ ਦੀ ਆਫ਼ਤ ਪ੍ਰਬੰਧਨ ਰਾਹਤ, 1600 ਕਰੋੜ ਦੀ ਰਾਸ਼ੀ ਵਰਗੇ ਖੋਖਲੇ ਐਲਾਨਾਂ ਨਾਲ ਇਹ ਦੂਰੀ ਹੋਰ ਵਧੀ ਹੈ। ਪੰਜਾਬ ਚ ਹੜ੍ਹਾਂ ਦੀ ਭਿਆਨਕ ਸਥਿਤੀ ਕਾਰਨ ਪ੍ਰਧਾਨ ਮੰਤਰੀ ਦਾ ਕੁਝ ਵੀ ਨਾ ਬੋਲਣਾ, ਲੋਕਾਂ ਨੂੰ ਪਰੇਸ਼ਾਨ ਕਰਦਾ ਰਿਹਾ। ਇਹ ਪਰੇਸ਼ਾਨੀ ਉਦੋਂ ਹੋਰ ਵੀ ਵਧੀ ਜਦੋਂ ਪ੍ਰਧਾਨ ਮੰਤਰੀ ਨੇ ਅਫਗਾਨਿਸਤਾਨ 'ਚ ਆਏ ਭੁਚਾਲ ਪ੍ਰਤੀ ਤਾਂ ਤੁਰੰਤ ਬੋਲਿਆ, ਉਹਨਾ ਲਈ ਰਾਹਤ ਦਾ ਐਲਾਨ ਵੀ ਕੀਤਾ ਪਰ ਪੰਜਾਬ ਦੇ ਹੜ੍ਹਾਂ ਸਬੰਧੀ ਕੁਝ ਵੀ ਆਪਣੇ ਮੁਖਾਰਬਿੰਦ ਤੋਂ ਨਹੀਂ ਕਿਹਾ।

ਨਵੇਂ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਪੰਜਾਬੀਆਂ ਦੇ ਮਨਾਂ ਦੀ ਤਰਜ਼ਮਾਨੀ ਕਰਨ ਵਾਲਾ ਹੈ। ਗਿਆਨੀ ਜੀ ਕਹਿੰਦੇ ਹਨ - ਸਤਿਕਾਰਤ ਪ੍ਰਧਾਨ ਮੰਤਰੀ ਜੀ ਅਫਗਾਨਿਸਤਾਨ ਨਾਲ ਦੁੱਖ ਦਾ ਪ੍ਰਗਟਾਵਾ ਚੰਗਾ ਹੈ ਲੇਕਿਨ ਪੰਜਾਬ, ਦੇਸ਼ ਦਾ ਹਿੱਸਾ ਹੈ, ਜਿੱਥੇ 17 ਅਗਸਤ ਨੂੰ ਲਗਭਗ 1500 ਪਿੰਡ ਅਤੇ 3 ਲੱਖ ਲੋਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ।

ਅੱਜ ਪੰਜਾਬ ਦੇ ਲੋਕਾਂ ਨੂੰ ਸਾਂਭਣ ਦੀ ਲੋੜ ਹੈ। ਪੰਜਾਬ ਦੇ ਖਰਾਬ ਹੋਏ ਬੁਨਿਆਦੀ ਢਾਂਚੇ ਨੂੰ ਨਵਿਆਉਣ ਦੀ ਲੋੜ ਹੈ। ਮੁਸੀਬਤ ਦੀ ਘੜੀ ਉਹਨਾਂ ਦੀ ਬਾਂਹ ਫੜਨ ਦੀ ਲੋੜ ਹੈ। ਇਸ ਆਫ਼ਤ ਮੌਕੇ ਕੇਂਦਰ ਅਤੇ ਭਾਜਪਾ ਲਈ ਪੰਜਾਬ ਦੇ ਨਾਲ ਖੜੇ ਹੋਣ ਦਾ ਵੱਡਾ ਮੌਕਾ ਹੋ ਸਕਦਾ ਹੈ। ਇਹ ਉਸ ਸੂਬੇ ਨਾਲ ਨਵਾਂ ਰਿਸ਼ਤਾ ਬਣਾਉਣ ਦਾ ਮੌਕਾ ਹੋ ਸਕਦਾ ਹੈ, ਜਿਸ ਦੇ ਲੋਕ ਖੇਤੀ ਕਾਨੂੰਨਾਂ ਅਤੇ ਚੰਡੀਗੜ੍ਹ, ਦਰਿਆਈ ਪਾਣੀਆਂ ਜਿਹੇ ਵਿਤਕਰੇ ਕਾਰਨ ਦਿੱਲੀ ਤੋਂ ਦੂਰ ਹੋਏ ਹਨ।

ਵਿਰੋਧੀ ਧਿਰਾਂ ਕਾਂਗਰਸ, ਅਕਾਲੀ, ਪੰਜਾਬ ਦੀ ਸਰਕਾਰ ਵੀ ਇਸ ਸਮੇਂ ਇਸ ਮੁੱਦੇ 'ਤੇ ਸਿਆਸਤ ਨਾ ਕਰੇ। ਇੰਜ ਕੀਤਿਆਂ ਪੰਜਾਬੀਆਂ ਦਾ ਨੇਤਾਵਾਂ ਪ੍ਰਤੀ ਬਚਿਆ ਖੁਚਿਆ ਭਰੋਸਾ ਵੀ ਟੁੱਟ ਜਾਏਗਾ। ਹਾਕਮਾਂ ਨਾਲ ਪੰਜਾਬੀਆਂ ਦੀ ਦੂਰੀ ਪਹਿਲੇ ਕਾਂਗਰਸੀ ਹਾਕਮਾਂ ਨਾਲ ਵੀ ਵੱਡੀ ਰਹੀ ਹੈ।

ਪਰ ਅੱਜ ਦਿੱਲੀ ਹਾਕਮਾਂ ਵੱਲੋਂ, ਪੰਜਾਬ ਨਾਲ, ਪੰਜਾਬ ਦੇ ਲੋਕਾਂ ਨਾਲ ਨਵਾਂ ਰਿਸ਼ਤਾ ਬਣਾਉਣ ਦਾ ਸਮਾਂ ਹੈ। ਭਾਰਤ ਦੀ ਜ਼ਿੰਮੇਵਾਰੀ ਹੈ ਕਿ ਉਹ ਪੰਜਾਬ ਲਈ, ਪੰਜਾਬ ਦੇ ਲੋਕਾਂ ਲਈ ਸਭ ਕੁਝ ਕਰੇ, ਜਿਨਾਂ ਦੇ ਯੋਗਦਾਨ ਬਿਨਾਂ 'ਭਾਰਤੀ ਗਣਰਾਜ' ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਸੀ, ਕਿਉਂਕਿ ਪੰਜਾਬ ਸਰਹੱਦਾਂ ਦਾ ਪਹਿਰੇਦਾਰ ਹੈ। ਪੰਜਾਬ ਦੇਸ਼ ਦਾ ਅੰਨਦਾਤਾ ਹੈ। ਕੀ ਦੇਸ਼ ਪੰਜਾਬ ਪ੍ਰਤੀ ਅੱਖਾਂ ਮੀਟ ਸਕਦਾ ਹੈ?

ਦੇਸ਼ ਦੇ ਹਾਕਮਾਂ ਅਤੇ ਸਿਆਸਤਦਾਨਾਂ ਨੂੰ ਸਮਝਣ ਦੀ ਲੋੜ ਹੈ ਕਿ ਇੱਕ ਰਾਸ਼ਟਰ ਜੋ ਆਪਣੇ ਇਤਿਹਾਸ ਤੋਂ ਨਹੀਂ ਸਿੱਖਦਾ ਉਸਨੂੰ ਕੀਮਤ ਚੁਕਾਉਣੀ ਪੈਂਦੀ ਹੈ। ਪੰਜਾਬ ਜੇ ਦਿੱਲੀ ਤੋਂ ਦੂਰ ਹੁੰਦਾ ਰਿਹਾ ਤਾਂ ਆਖ਼ਿਰ ਇਸਦਾ ਕੀ ਸਿੱਟਾ ਨਿਕਲੇਗਾ। ਮਿਜ਼ੋਰਮ ਉਦਾਹਰਣ ਹੈ।




ਇਹ ਕਾਲਮ ਨਿਰੋਲ ਕਲਪਨਾ 'ਤੇ ਅਧਾਰਿਤ ਹੈ ਅਤੇ ਇਸ ਦਾ ਕਿਸੇ ਵੀ ਜਿਉਂਦੇ-ਜਾਗਦੇ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸਬੰਧ ਨਹੀਂ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਹਨ ਤੇ ਅਦਾਰਾ 'ਪੰਜਾਬੀ ਅਖ਼ਬਾਰ' ਇਹਨਾਂ ਵਿਚਾਰਾਂ ਦਾ ਵਿਰੋਧ ਜਾਂ ਇਹਨਾਂ ਦੀ ਪ੍ਰੋੜਤਾ ਨਹੀਂ ਕਰਦਾ ਹੈ।
-ਸੰਪਾਦਕ

# ਸੱਤਿਆ ਭੈਣ ਜੀ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ-5

## ਲਿਖਤੁਮ ਸੱਤਿਆ ਭੈਣ ਜੀ

**ਸੱਤਿਆ ਭੈਣ ਜੀ ਦਾ ਜਨਮ ਜੂਨ, 1944 ਵਿੱਚ ਉਸ ਵੇਲੇ ਦੇ ਪੰਜਾਬ ਦੇ ਊਨਾ ਜ਼ਿਲ੍ਹਾ ਵਿੱਚ ਹੋਇਆ ਸੀ ਜਿਹੜਾ ਕਿ ਅੱਜਕਲ ਭਾਰਤੀ ਸੂਬੇ ਹਿਮਾਚਲ ਪ੍ਰਦੇਸ਼ ਵਿੱਚ ਪੈਂਦਾ ਹੈ। ਉਹਨਾਂ ਨੇ ਜਲੰਧਰ ਤੋਂ ਬੀ.ਏ; ਬੀ.ਐਡ. ਤੱਕ ਦੀ ਪੜ੍ਹਾਈ ਕੀਤੀ ਤੇ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵਿੱਚ ਬਤੌਰ ਐਸ.ਐਸ. ਮਿਸਟ੍ਰੈਸ 1972 ਤੋਂ ਨੌਕਰੀ ਸ਼ੁਰੂ ਕੀਤੀ। ਜੀਵਨ ਵਿੱਚ ਸਾਦਗੀ ਤੇ ਧਾਰਮਿਕਤਾ ਉਹਨਾਂ ਉੱਪਰ ਬਹੁਤ ਭਾਰੂ ਰਹੀ ਤੇ ਉਹਨਾਂ ਨੂੰ ਚਲਾਕੀ, ਸ਼ੈਤਾਨੀ ਆਦਿ ਦੀ ਭਿਣਕ ਵੀ ਨਹੀਂ ਲੱਗੀ ਸੀ। ਬੱਸ ਵਿੱਚ ਸਫ਼ਰ ਕਰਦਿਆਂ ਉਹ ਕਿਸੇ ਵੀ ਧਾਰਮਿਕ ਸਥਾਨ ਨੂੰ ਦੇਖਦੇ ਤਾਂ ਅੱਖਾਂ ਮੀਟ ਕੇ ਹੱਥ ਜੋੜ ਕੇ ਸਿਰ ਝੁਕਾ ਦਿੰਦੇ ਸਨ ਤੇ ਅਜਿਹਾ ਉਹ ਕਈ ਵਾਰ ਪਿੰਡਾਂ ਵਿੱਚ ਸੜਕਾਂ ਉੱਪਰ ਬਣੇ ਦਰਸ਼ਨੀ ਗੇਟਾਂ ਵੱਲ ਦੇਖ ਕੇ ਵੀ ਕਰ ਦਿੰਦੇ ਸਨ। ਹਮੇਸ਼ਾ ਸਟੀਲ ਦੇ ਗਲਾਸ ਵਿੱਚ ਪਾਣੀ ਪੀਣਾ ਤੇ ਸ਼ਾਕਾਹਾਰੀ ਭੋਜਨ ਖਾਣਾ ਉਹਨਾਂ ਦੀ ਰੁਟੀਨ ਵਿੱਚ ਸ਼ਾਮਿਲ ਸੀ। ਭਾਵੇਂ ਕਿ ਉਹ ਐਸ. ਐਸ. ਮਿਸਟ੍ਰੈਸ ਸਨ ਭਾਵ ਕਿ ਉਹਨਾਂ ਦਾ ਮੁੱਖ ਕੰਮ ਵਿਦਿਆਰਥੀਆਂ ਨੂੰ ਸਮਾਜਿਕ ਸਿੱਖਿਆ ਤੇ ਅੰਗਰੇਜ਼ੀ ਪੜ੍ਹਾਉਣਾ ਸੀ ਪਰ ਉਹਨਾਂ ਦੀ ਵਧੇਰੇ ਦਿਲਚਸਪੀ ਹਿੰਦੀ ਪੜ੍ਹਾਉਣ ਵਿੱਚ ਹੁੰਦੀ ਸੀ ਤੇ ਸਾਰੀ ਉਮਰ ਉਹ ਅੱਠਵੀਂ ਜਮਾਤ ਤੱਕ ਹਿੰਦੀ ਪੜ੍ਹਾਉਂਦੇ ਰਹੇ। ਉਹ ਬਹੁਤ ਮਜ਼ਾਕੀਆ ਸੁਭਾਅ ਦੇ ਮਾਲਕ ਸਨ ਤੇ ਹਰ ਗੱਲ 'ਤੇ 'ਵੇ ਮੈਂ ਤਾਂ ਮਰਗੀ ਵੇ' ਕਹਿਣਾ ਉਹਨਾਂ ਦੀ ਆਦਤ ਬਣ ਗਿਆ ਸੀ। ਸਾਰੇ ਵਿਦਿਆਰਥੀ ਉਹਨਾਂ ਨੂੰ ਸੱਤਿਆ ਭੈਣ ਜੀ ਕਹਿ ਕੇ ਹੀ ਬੁਲਾਉਂਦੇ ਸਨ। ਸਾਲ 2002 ਵਿੱਚ ਉਹ ਸੇਵਾ ਮੁਕਤ ਹੋ ਗਏ ਸਨ ਤੇ ਸਾਲ 2023 ਵਿੱਚ ਉਹਨਾਂ ਦਾ ਦੇਹਾਂਤ ਹੋ ਗਿਆ। ਹੁਣ ਉਹਨਾਂ ਦੀ ਪੰਜਵੀਂ ਚਿੱਠੀ ਆਈ ਹੈ।**

**ਪੁੱਤਰ ਰਿਸ਼ੀ !**

ਕਈ ਦਿਨ ਹੋ ਗਏ ਸਨ ਤੈਨੂੰ ਲਿਖਿਆਂ ਤੇ ਹੁਣ ਫੇਰ ਮਨ ਕੀਤਾ ਕਿ ਤੇਰੀ ਕਲਾਸ ਲਾਵਾਂ। ਇਧਰ ਆ ਕੇ ਵੀ ਸਾਡਾ ਦਿਲ ਕਲਾਸ ਲਗਾਏ ਬਿਨਾ ਲੱਗਦਾ ਨਹੀਂ। ਅਸੀਂ ਸਾਰੇ ਉਸਤਾਦ ਤੇ ਉਸਤਾਨੀਆਂ ਇੱਕਠੇ ਹੋ ਕੇ ਪੁਰਾਣੇ ਸਕੂਲੀ ਦਿਨਾਂ ਨੂੰ ਚੇਤੇ ਕਰਦੇ ਰਹਿੰਦੇ ਆਂ ਤੇ ਆਪਣੇ ਸਾਰੇ ਪੁਰਾਣੇ ਸ਼ਰਾਰਤੀ ਤੇ ਇੰਟੈਲਿਜੈਂਟ ਵਿਦਿਆਰਥੀਆਂ ਦੀਆਂ ਗੱਲਾਂ ਵੀ ਕਰਦੇ ਰਹਿੰਦੇ ਆਂ। ਮੈਨੂੰ ਤੇਰੀਆਂ ਗੱਲਾਂ ਭੁੱਲਦੀਆਂ ਨਹੀਂ ਤੇ ਮੈਂ ਤੇ ਤੇਰੇ ਮੰਮੀ-ਡੈਡੀ ਤੇ ਤੇਰੇ ਤੇ ਮੇਰੇ ਹੈਡਮਾਸਟਰ ਰਹੇ ਵੀ.ਐਮ. ਦੁੱਗਲ ਸਾਹਬ - ਸਾਰੇ ਬੈਠ ਕੇ ਤੇਰੀਆਂ ਚੁੱਗਲੀਆਂ ਕਰਦੇ ਰਹੀਦਾ! 'ਵੇ ਮੈਂ ਤਾਂ ਮਰਗੀ ਵੇ'... ਅਸੀਂ ਤੈਨੂੰ ਤੇ ਤੇਰੀਆਂ ਚਲਾਕੀਆਂ-ਕਰਤੂਤਾਂ ਵੱਲ ਵੀ ਵਿਹੰਦੇ ਰਹਿੰਨੇ ਐਂ। ਤੂੰ ਤਾਂ ਹੁਣ ਵੀ ਬਾਜ਼ ਨਹੀਂ ਆਉਂਦਾ। ਤੇਰਾ ਡੈਡੀ ਕਹਿੰਦਾ ਸੀ ਕਿ ਕਨੇਡੇ ਜਾ ਕੇ ਤੂੰ ਕਿੰਨਾ ਖਚਰਾ ਹੋ ਗਿਐਂ ਤੇ ਮੈਂ ਕਿਹਾ ਇਹ ਤਾਂ ਸਕੂਲ ਟਾਇਮ ਤੋਂ ਈ ਬਹੁਤ ਖਚਰਾ ਸੀ।

ਤੈਨੂੰ ਯਾਦ ਹੋਣੈ ਰਿਸ਼ੀ ਤੂੰ ਇਕ ਵਾਰ ਸਾਲਾਨਾ ਇਨਾਮ ਵੰਡ ਸਮਾਰੋਹ ਵਿੱਚ ਇਕ ਸਕਿਟ ਕੀਤੀ ਸੀ। 'ਵੇ ਮੈਂ ਤਾਂ ਮਰਗੀ ਵੇ'... ਮੋਨੋ-ਐਕਟਿੰਗ ਦੀ ਤਾਂ ਕਮਾਲ ਕੀਤੀ ਸੀ ਤੂੰ। ਦੁੱਗਲ ਸਾਹਬ ਕਹਿਣ ਲੱਗੇ ਤੇ ਤੇਰੇ ਡੈਡੀ ਨੇ ਵੀ ਤਾਈਦ ਕੀਤੀ ਇਸ ਗੱਲ ਦੀ ਕਿ ਤੈਨੂੰ ਇਕ ਵਾਰ ਕਿਸੇ ਡੇਰੇ ਦਾ ਪ੍ਰਧਾਨ ਬਣਾ ਦਿੱਤਾ ਗਿਆ ਸੀ ਜਾਂ ਖੌਰੇ ਤੂੰ ਆਪ ਜੋੜ-ਤੋੜ ਕਰਕੇ ਇਸ ਦਾ ਪ੍ਰਧਾਨ ਬਣ ਗਿਆ ਸੀ। ਤੂੰ ਉਹਨਾਂ ਨੂੰ ਕਿਹਾ ਕਿ ਚਾਰ ਪੈਸੇ ਇਕੱਠੇ ਕਰੋ ਤੋ ਤੇ ਬਜ਼ੁਰਗਾਂ ਦਾ ਆਸ਼ਰਮ ਬਣਾਵਾਂਗੇ, ਬਾਕੀ ਆਪਾਂ ਗ੍ਰਾਂਟ ਲੈ ਲਵਾਂਗੇ। ਲੋਕਾਂ ਨੂੰ ਤੇਰੀ ਸਕੀਮ ਬੜੀ ਜਚੀ ਸੀ ਤੇ ਤੂੰ ਸਾਰਿਆਂ ਨੂੰ ਅੱਗੇ ਲਗਾ ਕੇ ਆਪ ਪਿਛਲਖੋਰੀ ਘੁਣਤਰਾਂ ਕੱਢਣ ਲੱਗ ਪਿਆ ਸੈਂ। 'ਵੇ ਮੈਂ ਤਾਂ ਮਰਗੀ ਵੇ'... ਤੂੰ ਬਾਜ਼ ਨਾ ਆਇਆ। ਉੱਧਰ ਲੋਕ ਬੇਚਾਰੇ ਰੁਪਈਆ-ਰੁਪਈਆ 'ਕੱਠਾ ਕਰਨ ਵਿੱਚ ਲੱਗ ਗਏ ਬਈ ਆਸ਼ਰਮ ਬਣਾਉਣਾ ਆਪਾਂ ਬਜ਼ੁਰਗਾਂ ਵਾਸਤੇ। ਤੂੰ ਕੋਆਪਰੇਟਿਵ ਬੈਂਕ ਵਾਲਿਆਂ ਨਾਲ ਸੰਢ-ਗੰਢ ਕਰਕੇ 'ਕੱਠੀ ਹੋਈ ਰਕਮ ਦਿਖਾ ਕੇ ਕਰਜ਼ਾ ਚੁੱਕ ਲਿਆ ਤੇ ਆਸ਼ਰਮ ਬਣਨਾ ਸ਼ੁਰੂ ਕਰਾਤਾ। ਲੋਕਾਂ ਨੂੰ ਕਹਿ'ਤਾ ਪਈ ਸਰਕਾਰੀ ਗ੍ਰਾਂਟ ਆ ਗਈ ਆ ਤੇ ਚੁੱਕ ਫੱਟੇ ਦਿਉ ਆਸ਼ਰਮ ਵਾਲੇ। ਮਗਰੋਂ ਤੂੰ ਆਪ ਕਨੇਡੇ ਖਿਸਕ ਗਿਆ ਤੇ ਕਰਜ਼ਾ ਚਾੜ੍ਹਤਾ ਡੇਰੇ 'ਤੇ। 'ਵੇ ਮੈਂ ਤਾਂ ਮਰਗੀ ਵੇ'... ਜਦੋਂ ਕਰਜ਼ਾ ਨਾ ਉਤਰਿਆ ਤੇ ਨਾ ਉਹ ਉਤਰਨਾ ਈ ਸੀ ਸੋ ਬੈਂਕ ਵਾਲੇ ਆਏ ਤੇ ਆਸ਼ਰਮ ਵਿੱਚੋਂ ਬੈਂਕ ਵਾਲਿਆਂ ਨੇ ਆ ਕੇ ਸਾਰੇ ਬਾਬਿਆਂ ਨੂੰ ਕੱਢ ਬਾਹਰ ਕੀਤਾ ਤੇ ਜਦੋਂ ਉਹ ਆਪੋ ਆਪਣੀਆਂ ਮੰਜੀਆਂ-ਕੁਰਸੀਆਂ ਚੁੱਕ ਕੇ ਜਾਣ ਲੱਗੇ ਤਾਂ ਬੈਂਕ ਆਲਿਆਂ ਨੇ ਉਹ ਵੀ ਰਖਵਾ ਲਈਆਂ ਪਈ ਇਹ ਵੀ ਆਸ਼ਰਮ ਦੀ ਪ੍ਰੌਪਰਟੀ ਐ। 'ਵੇ ਮੈਂ ਤਾਂ ਮਰਗੀ ਵੇ'... ਬਾਬਿਆਂ ਨੂੰ ਆਸ਼ਰਮ ਤਾਂ ਸੁਆਹ ਮਿਲਣਾ ਸੀ ਉਹ ਆਪਣੀਆਂ ਕੁਰਸੀਆਂ- ਮੰਜੀਆਂ ਤੋਂ ਵੀ ਗਏ। ਪਿੰਡ ਆਲਿਆਂ ਨੇ ਤੈਨੂੰ ਲੱਖ ਗਾਲ੍ਹਾਂ ਕੱਢੀਆਂ ਸੀ ਪਰ ਤੂੰ ਤਾਂ ਜਾ ਕਨੇਡੇ ਵੜਿਆ...ਤੈਂ ਕੀ ਲੈਣ ਸੀ ਭਲਾ ਕਿ ਪਿੰਡ ਵਾਲਿਆਂ ਨਾਲ ਕੀ ਵਾਪਰਿਆ।

ਅਜੇ ਇਹ ਗੱਲ ਚੱਲ ਹੀ ਰਹੀ ਸੀ ਤਾਂ ਦੁੱਗਲ ਸਾਹਬ ਕਹਿਣ ਲੱਗੇ ਉਹ ਸਕਿਟ ਵਾਲੀ ਵੀ ਗੱਲ ਸੁਣਾਉ! ਤੂੰ ਉਸ ਸਕਿਟ ਵਿੱਚ ਕਿਹਾ ਸੀ ਇਕ ਵਾਰ ਤੂੰ ਪਿੰਡ ਵਾਲਿਆਂ ਤੋਂ ਪੈਸੇ ਇਕੱਠੇ ਕਰਕੇ ਆਪਣੀ ਗੰਜ ਕਢਵਾ ਕੇ, ਟਿੰਡ ਕਰਵਾ ਕੇ ਉੱਪਰ ਕੱਛੂ ਕੁੰਮੇ ਦਾ ਟੈਟੂ ਬਣਾ ਲਿਆ ਸੀ। 'ਵੇ ਮੈਂ ਤਾਂ ਮਰਗੀ ਵੇ'... ਕਿੱਡਾ ਤੂੰ ਸ਼ੈਤਾਨ। ਸਾਰੇ ਲੋਕਾਂ ਨੇ ਪੁੱਛਿਆ ਕਿ ਇਹ ਕੀ ਬਣਾ ਲਿਆ ਤੇ ਉਹ ਵੀ ਆਪਣੀ ਟਿੰਡ ਉੱਤੇ? ਕੁਝ ਦਿਨਾਂ ਬਾਦ ਉਹ ਟੈਟੂ ਸਾਫ਼ ਹੋ ਗਿਆ। ਸਾਰੇ ਜਣੇ ਕਹਿਣ - ਬਈ ਟੈਟੂ ਤਾਂ ਸਾਫ਼ ਨਹੀਂ ਹੋ ਸਕਦਾ, ਤੇਰਾ ਕਿਵੇਂ ਸਾਫ਼ ਹੋ ਗਿਆ? ਤੂੰ ਕਿਹਾ ਸੀ ਕਿ ਪਿਛਲੇ ਹਫ਼ਤੇ ਮੈਂ ਨਹਾਉਣ ਲਈ ਛੱਪੜ ਵਿੱਚ ਵੜਿਆ ਸੀ ਤੇ ਜਦੋਂ ਚੁੱਭੀ ਮਾਰੀ ਤੇ ਕੱਛੂਕੁੰਮਾ ਮੇਰੇ ਸਿਰ ਤੋਂ ਉਤਰ ਕੇ ਪਾਣੀ ਵਿੱਚ ਜਾ ਵੜਿਆ। ਬੇਚਾਰੇ ਲੋਕਾਂ ਨੂੰ ਸਮਝ ਨਾ ਆਵੇ ਕਿ ਇਉਂ ਵੀ ਹੋ ਸਕਦੈ ਭਲਾ? ਪਰ ਤੂੰ ਲੋਕਾਂ ਤੋਂ ਪੈਸੇ ਇਕੱਠੇ ਕਰਕੇ ਖਾ ਪੀ ਗਿਆ ਤੇ ਨਕਲੀ - ਕੱਚੀ ਸਿਆਹੀ ਨਾਲ ਸਿਰ 'ਤੇ ਟੈਟੂ ਪੁਆ ਆਇਆ ਸੀ ਤੇ ਉਹ ਪਾਣੀ ਵਿੱਚ ਉੱਤਰ ਗਿਆ। 'ਵੇ ਮੈਂ ਤਾਂ ਮਰਗੀ ਵੇ'...!

ਮੈਂ ਦੁੱਗਲ ਸਾਹਬ ਨੂੰ ਪੁੱਛਿਆ ਕਿ ਰਿਸ਼ੀ ਨੂੰ ਪੈਸੇ ਦੇ ਕਿਉਂ ਦਿੰਦੇ ਸੀ ਲੋਕ? ਉਹ ਕਹਿਣ ਲੱਗੇ ਕਿ ਤੇਰਾ ਪਿਉ ਦਰਅਸਲ ਬਹੁਤ ਸ਼ਰੀਫ ਇਨਸਾਨ ਸੀ ਤੇ ਬੜਾ ਦਿਆਲੂ ਬੰਦਾ ਸੀ। ਉਹਦੇ ਨਾਮ 'ਤੇ ਲੋਕ ਤੈਨੂੰ ਪੈਸੇ ਦੇ ਦਿੰਦੇ ਸੀ ਤੇ ਤੂੰ ਸਿਰੇ ਦਾ ਚਵਲ ਨਿੱਕਲਿਆ ਤੇ ਲੋਕਾਂ ਨੂੰ ਟੀਕਾ ਲਾਉਣ ਤੋਂ ਬਾਜ਼ ਨਹੀਂ ਸੀ ਆਉਂਦਾ। ਕੋਈ ਯਕੀਨ ਕਰ ਸਕਦਾ ਭਲਾ ਕਿ ਤੇਰੀ ਟਿੰਡ 'ਤੇ ਬਣਿਆ ਟੈਟੂ ਵਾਲਾ ਕੱਛੂ ਕੁੰਮਾ ਪਾਣੀ ਵਿੱਚ ਉਤਰ ਗਿਆ ਹੋਵੇਗਾ? ਪਰ ਤੂੰ ਐਸਾ ਗਾਲੜੀ ਸੀ ਕਿ ਲੋਕਾਂ ਨੂੰ ਚੱਕਰ ਵਿੱਚ ਪਾ ਈ ਦਿੰਦਾ ਸੀ ਤੇ ਭੋਲੇ ਭਾਲੇ ਲੋਕ ਬੇਚਾਰੇ ਮੰਨ ਜਾਂਦੇ ਸਨ।

ਤੇਰੇ ਡੈਡੀ ਨੇ ਵੀ ਤੇਰੀ ਇਕ ਕਰਤੂਤ ਸਾਨੂੰ ਦੱਸੀ ਸੀ। ਉਹਨਾਂ ਨੇ ਦੱਸਿਆ ਕਿ ਆਪਣੇ ਕਾਲਜ ਵਿੱਚ ਪੜ੍ਹਦਿਆਂ ਤੂੰ ਸਟੂਡੈਂਟ ਯੂਨੀਅਨ ਦਾ ਪ੍ਰਧਾਨ ਬਣ ਗਿਆ ਸੀ। ਮੈਂ ਤਾਂ ਸੁਣ ਕੇ ਹੱਸਦੀ ਰਹੀ ਸਾਰਾ ਦਿਨ। 'ਵੇ ਮੈਂ ਤਾਂ ਮਰਗੀ ਵੇ'... ਉਸ ਦਿਨ ਪਰਚੀਆਂ ਪੈਣੀਆਂ ਸਨ ਕਿ ਕੌਣ ਪ੍ਰਧਾਨ ਬਣੂ। ਤਿੰਨ ਜਣਿਆਂ ਦੇ ਨਾਮ ਸਾਹਮਣੇ ਸਨ। ਪਰਚੀਆਂ ਬਣਾਉਣ ਦਾ ਕੰਮ ਸੀ ਇਕ ਇਲੈਕਸ਼ਨ ਅਫ਼ਸਰ ਦਾ। ਤਿੰਨ ਮਰਤਬਾਨਾਂ ਵਿੱਚ ਇਕ ਇਕ ਪਰਚੀ ਪਾਈ ਗਈ। ਸਾਰੇ ਵਿਦਿਆਰਥੀਆਂ ਨੇ ਉਸ ਪਰਚੀ ਉਪਰ ਸਹੀ ਦਾ ਨਿਸ਼ਾਨ ਲਾ ਕੇ ਵਾਪਸ ਮਰਤਬਾਨ ਵਿੱਚ ਪਰਚੀ ਪਾਉਣੀ ਸੀ। ਜਦੋਂ ਪਰਚੀਆਂ ਉਪਰ ਲੱਗੀਆਂ ਸਹੀਆਂ ਗਿਣੀਆਂ ਗਈਆਂ ਤਾਂ ਸਾਰੀਆਂ ਵੋਟਾਂ ਈ ਤੈਨੂੰ ਪਈਆਂ। ਸਹੀਆਂ ਸਾਰੀਆਂ ਤੇਰੇ ਨਾਮ 'ਤੇ ਲੱਗੀਆਂ! ਹੋਰ ਕਿਸੇ ਨੂੰ ਤਾਂ ਇਕ ਵੀ ਵੋਟ ਨਾ ਪਈ। 'ਵੇ ਮੈਂ ਤਾਂ ਮਰਗੀ ਵੇ'... ਬੜਾ ਰੌਲਾ ਪਿਆ। ਇਲੈਕਸ਼ਨ ਅਫ਼ਸਰ ਕਹਿੰਦਾ ਨਤੀਜਾ ਸਾਫ਼ ਐ ਕਿ ਰਿਸ਼ੀ ਨਾਗਰ ਜੀ ਸਟੂਡੈਂਟ ਯੂਨੀਅਨ ਦੇ ਪ੍ਰਧਾਨ ਹੋਣਗੇ। ਮਗਰੋਂ ਕਿਸੇ ਨੇ ਪ੍ਰਿੰਸਿਪਲ ਨੂੰ ਸ਼ਿਕਾਇਤ ਕਰਤੀ। ਏਨੇ ਨੂੰ ਕਾਲਜ ਚ ਛੁੱਟੀਆਂ ਹੋ ਗਈਆਂ। ਗੱਲ ਆਈ ਗਈ ਹੋ ਗਈ। ਮਗਰੋਂ ਪਤਾ ਲੱਗਿਆ ਕਿ ਤੂੰ ਇਲੈਕਸ਼ਨ ਅਫ਼ਸਰ ਬਣੇ ਮੁੰਡੇ ਨੂੰ ਦੋ ਤਿੰਨ ਦਿਨ ਬਾਰ ਰੋਟੀਆਂ ਖੁਆ ਕੇ ਆਪਣੇ ਨਾਲ ਰਲਾ ਲਿਆ ਸੀ। ਉਹਨੇ ਤਿੰਨੇ ਪਰਚੀਆਂ 'ਤੇ ਤੇਰਾ ਨਾਮ ਈ ਲਿਖਿਆ ਸੀ। ਹੋਰ ਕਿਸੇ ਦਾ ਨਾਮ ਈ ਨਾ ਸੀ ਉਥੇ, ਤਾਂ ਜਿੱਤਣਾ ਕਿਸੇ ਨੇ ਕੀ ਸੀ? 'ਵੇ ਮੈਂ ਤਾਂ ਮਰਗੀ ਵੇ'... ਵੇ ਤੂੰ ਕਿੱਡਾ ਖੱਚ ਤੇ ਚਵਲ ਸੀ ਵੈਸੇ, ਰਿਸ਼ੀ! ਮਰਤਬਾਨ 'ਤੇ ਲਿਖੇ ਨਾਮ ਰਹਿ ਗਏ ਉਹਨਾਂ ਬੇਚਾਰਿਆਂ ਦੇ। ਮੈਨੂੰ ਤਾਂ ਲੱਗਦੈ ਕਿ ਤੂੰ ਕਿਸੇ ਵੇਲੇ ਭਾਰਤੀ ਬਦਮਾਸ਼ ਨਟਵਰ ਲਾਲ ਦਾ ਜੂਠਾ ਖਾ ਲਿਆ ਹੋਣੈ। ਤੇਰਾ ਬਾਪ ਕਿੰਨਾ ਸ਼ਰੀਫ਼ ਤੇ ਸਾਊ ਤੇ ਤੂੰ ਕਿੱਡਾ ਕਮੀਨਾ! 'ਵੇ ਮੈਂ ਤਾਂ ਮਰਗੀ ਵੇ'...!

ਤੈਨੂੰ ਯਾਦ ਐ ਰਿਸ਼ੀ ਕਿ ਤੂੰ ਨਹਾਉਂਦਾ ਨਹੀਂ ਸੀ ਹੁੰਦਾ ਤੇ ਬਿਨਾ ਨਹਾਇਆਂ ਸਕੂਲੇ ਆ ਜਾਂਦਾ ਹੁੰਦਾ ਸੀ। ਤੈਨੂੰ ਕਈ ਵਾਰ ਦੁੱਗਲ ਸਾਹਬ ਨੇ ਸਕੂਲ ਦੀ ਮੋਟਰ 'ਤੇ ਨੁਹਾਇਆ ਸੀ ਚਪੜਾਸੀ ਨੂੰ ਕਹਿ ਕੇ। ਇਕ ਵਾਰੀ ਮੈਂ ਤੈਨੂੰ ਕਹਿ ਬੈਠੀ ਸੀ ਵੇ ਮਰ ਜਾਣਿਆ, ਕਿੰਨੀ ਬੋ ਆਉਂਦੀ ਐ ਤੇਰੇ ਕੋਲੋਂ, ਨਹਾ ਕੇ ਆਇਆ ਕਰ! ਤੂੰ ਅੱਗੋਂ ਕਿਹਾ ਸੀ - ਭੈਣ ਜੀ ਸਾਨੂੰ ਪੜ੍ਹਾਉਣ ਲਈ ਤੁਸੀਂ ਜਲੰਧਰੋਂ ਆਉਂਦੇ ਓ, ਸਾਨੂੰ ਸੁੰਘਣ ਲਈ ਨਹੀਂ! 'ਵੇ ਮੈਂ ਤਾਂ ਮਰਗੀ ਵੇ'... ਮੈਂ ਦੁੱਗਲ ਸਾਹਬ ਨੂੰ ਕਹਿ ਕੇ ਤੇਰੀ ਤਸ਼ਰੀਫ਼ ਤੇ ਸੋਟੀਆਂ ਪੁਆਈਆਂ ਸੀ। ਵੇ ਕਮੀਨਿਆ, ਇੰਡੀਆ ਤਾਂ ਤੂੰ ਨਹਾਉਂਦਾ ਨਹੀਂ ਸੀ ਹੁੰਦਾ ਤੇ ਕਨੇਡੇ ਜਾ ਕੇ ਸੁਣਿਐ ਤੂੰ ਨਹਾਉਣ ਤੋਂ ਬਾਜ਼ ਈ ਨਹੀਂ ਆਉਂਦਾ। ਮੈਨੂੰ ਕਿਸੇ ਨੇ ਦੱਸਿਆ ਕਿ ਪਿਛਲੇ ਦਿਨੀਂ ਤੂੰ ਬ੍ਰੈਂਪਟਨ ਗਿਆ ਸੈਂ ਤੇ ਉਥੇ ਇਕ ਲੇਕ ਵਿੱਚ ਸਾਬਣ ਮਲ ਮਲ ਨਹਾ ਰਿਹਾ ਸੀ। 'ਵੇ ਮੈਂ ਤਾਂ ਮਰਗੀ ਵੇ'... ਵੇ ਤੈਨੂੰ ਸ਼ਰਮ ਨਾ ਆਈ...ਤੈਨੂੰ ਕਿਸੇ ਰੂਲ-ਕਾਨੂੰਨ ਦਾ ਖਿਆਲ ਨਹੀਂ ਕਿ ਸਾਬਣ ਤੇ ਸਰਫ਼ ਨਾਲ ਮੱਛੀਆਂ ਵੀ ਮਰ ਸਕਦੀਆਂ ਨੇ ਤੂੰ ਮਗਰੋਂ ਉਥੇ ਕੱਛਾ ਵੀ ਧੋ ਰਿਹਾ ਸੀ। ਵੇ ਬੇਸ਼ਰਮਾ ਤੈਨੂੰ ਥਾਪੀ ਨਾ ਲੱਭੀ ਕੱਛਾ-ਬੁਨੈਣ ਧੋਣ ਨੂੰ ਤਾਂ ਤੂੰ ਜੁੱਤੀ ਨਾਲ ਈ ਥਾਪੜਨ ਲੱਗ ਪਿਆ ਆਪਣੇ ਕੱਪੜੇ! ਕਮੀਨਿਆ, ਤੂੰ ਤਾਂ ਬ੍ਰੈਂਪਟਨ ਲੇਕ ਦਾ ਈ ਬਾਥ-ਟੱਬ ਬਣਾ'ਤਾ ! 'ਵੇ ਮੈਂ ਤਾਂ ਮਰਗੀ ਵੇ'... ਲੱਖ ਲਾਹਨਤ ਵੇ ਤੇਰੇ ਤੇ ਰਿਸ਼ੀ! ਤੇਰੀਆਂ ਤਾਂ ਸੁਣਿਆ ਵੀਡੀਓ ਵੀ ਵਾਇਰਲ ਹੋਈਆਂ ਫਿਰਦੀਆਂ, ਲੇਕ 'ਤੇ ਨਹਾਉਂਦਿਆਂ ਦੀਆਂ। ਲੱਖ ਲਾਹਨਤ ਤੇਰੇ 'ਤੇ, ਰਿਸ਼ੀ!

ਲੈ ਸੱਚ! ਇਕ ਹੋਰ ਗੱਲ ਸੁਣੀ ਮੈਂ! ਸੁਣਿਆ ਕਿ ਤੂੰ ਹੁਣ ਕੈਲਗਰੀ ਛੱਡ ਕੇ ਚੈਸਟਰਮੀਅਰ ਰਹਿਣ ਲਈ ਚਲਿਆ ਗਿਐਂ। ਅਖੇ, ਉੱਥੇ ਲੇਕ ਐ ਬੜੀ ਖ਼ੂਬਸੂਰਤ! ਲੇਕ ਸਿਟੀ ਵਿੱਚ ਰਹਿਣ ਦੇ ਫਾਇਦੇ ਇਕ ਦਿਨ ਤੂੰ ਆਪਣੇ ਰੇਡੀਓ 'ਤੇ ਗਿਣਵਾ ਰਿਹਾ ਸੀ। ਵੇ ਕਾਕਾ, ਤੂੰ ਜਿਸ ਸ਼ਹਿਰ ਵਿੱਚ ਕੰਮ ਕਰਦੈਂ, ਉਥੇ ਰਹਿੰਦਾ ਕਿਉਂ ਨਹੀਂ? ਤੇਰੀਆਂ ਕਰਤੂਤਾਂ ਈ ਅਜਿਹੀਆਂ ਹੋਣੀਆਂ ਕਿ ਲੋਕ ਤੈਨੂੰ ਉਥੋਂ ਭਜਾ ਦਿੰਦੇ ਹੋਣੇ ਐ। ਚੈਸਟਰਮੀਅਰ ਦੀ ਵੀ ਗੱਲ ਸੁਣ ਲੈ ਹੁਣ! ਤੇਰੀ ਓ ਗੱਲ ਕੀਤੀ ਐ ਕਿਸੇ ਨੇ! 'ਵੇ ਮੈਂ ਤਾਂ ਮਰਗੀ ਵੇ'...ਲੇਕ ਦੇ ਜਿਸ ਪਾਸੇ ਤੇਰਾ ਘਰ ਐ ਤੇ ਤੂੰ ਉਥੇ ਫੱਟਿਆਂ ਵਾਲਾ ਪਜਾਮਾ ਪਾ ਕੇ ਧੁੱਪੇ ਬੈਠਾ ਹੁੰਦਾ ਸੀ, ਚੱਪਲਾਂ ਪਾ ਕੇ, ਸੂਰਜ ਵੱਲ ਨੂੰ ਪਿੱਠ ਕਰਕੇ। ਉਥੇ ਲੇਕ ਦੇ ਕੰਢੇ ਦੇ ਪਾਣੀ ਦੀ ਐਲਬਰਟਾ ਹੈਲਥ ਸਰਵਿਸਿਜ਼ ਨੇ ਰਿਪੋਰਟ ਜਾਰੀ ਕੀਤੀ ਐ। ਕਹਿੰਦੇ ਮਨੁੱਖੀ ਗੰਦਗੀ ਪਾਈ ਗਈ ਐ ਪਾਣੀ ਵਿੱਚ! 'ਵੇ ਮੈਂ ਤਾਂ ਮਰਗੀ ਵੇ'...ਆਹ ਕੰਮ ਵੀ ਸ਼ੁਰੂ ਕਰਤਾ ਉਥੇ ਜਾ ਕੇ! ਚੈਸਟਰਮੀਅਰ ਵਾਲੇ ਹੁਣ ਉਥੇ ਸਾਇਨ ਲਗਵਾਉਣ ਲੱਗੇ ਐ ਕਿ ਇਥੇ ਪੌਟੀ ਕਰਨਾ ਮਨ੍ਹਾ ਐ ਤੇ ਬ੍ਰੈਂਪਟਨ ਵਾਲੇ ਲਿਖਵਾ ਰਹੇ ਨੇ ਇਥੇ ਇਸ਼ਨਾਨ ਕਰਨਾ ਤੇ ਕੱਪੜੇ ਧੋਣ ਦੀ ਮਨਾਹੀ ਐ! ਵੇ ਲੱਖ ਦੀ ਲਾਨਤ, ਰਿਸ਼ੀ ! ਰਾਮ, ਰਾਮ, ਰਾਮ! ਕੀ ਬਣਾ'ਤਾ ਵੇ ਕਨੇਡਾ ਦਾ! ਇਹਦੇ ਨਾਲੋਂ ਤਾਂ ਤੂੰ ਆਪਣੇ ਪਿੰਡ ਈ ਰਹਿੰਦਾ....! ਵੇ ਰਿਸ਼ੀ! ਤੂੰ ਬਚਪਨ ਤੋਂ ਹੀ ਏਨਾ ਘੁਣਤਰੀ ਤੇ ਘਤਿੱਤੀ ਕਿਉਂ ਸੀ ਵੇ? ਕਿਹਦੇ ਕੋਲੋਂ ਇਹ ਸਭ ਸਿੱਖਦਾ ਰਿਹੈਂ, ਤੇਰਾ ਬਾਪ ਤਾਂ ਬਹੁਤ ਇਮਾਨਦਾਰ ਤੇ ਸ਼ਰੀਫ਼ ਤੇ ਸਾਊ ਸੀ। ਤੂੰ ਕਿਸ ਉੱਪਰ ਚਲਿਆ ਗਿਐਂ? ਮੈਨੂੰ ਲੱਗਦੈ ਤੈਨੂੰ ਕਿਸੇ ਗ਼ਲਤ ਬੰਦੇ ਨੇ ਗੁੜ੍ਹਤੀ ਦਿੱਤੀ ਹੋਣੀ ਐ। ਇਹ ਗੱਲ ਮੈਂ ਤੇਰੀ ਮੰਮੀ ਨੂੰ ਪੁੱਛੀ!

ਉਹ ਕਹਿਣ ਲੱਗੀ ਤੈਨੂੰ ਗੁੜ੍ਹਤੀ ਤੇਰੀ ਭੂਆ ਨੇ ਦਿੱਤੀ ਸੀ। ਤੇਰੇ ਡੈਡੀ ਤੋਂ ਚੋਰੀ ਮੈਨੂੰ ਤੇਰੀ ਮਾਤਾ ਨੇ ਦੱਸਿਆ ਕਿ ਤੇਰੀ ਫੁੱਫੋ ਚਾਹੁੰਦੀ ਸੀ ਮੈਂ ਤੇਰੇ ਤੋਂ ਤੰਗ ਰਹਾਂ ਤੇ ਉਹ ਕਿਸੇ ਫਕੀਰ ਤੋਂ ਧਾਗਾ ਕਰਵਾ ਕੇ ਲਿਆਈ ਸੀ ਤੇ ਮਲਕ ਦੇਣੀ ਤੇਰੇ ਲੱਕ ਨਾਲ ਬੰਨ੍ਹ ਗਈ ਸੀ ਤੜਾਗੀ ਕਹਿ ਕੇ! ਬੱਸ, ਉਥੋਂ ਈ ਤੇਰਾ ਕੰਮ ਖ਼ਰਾਬ ਹੋਣਾ ਸ਼ੁਰੂ ਹੋ ਗਿਆ ਸੀ। ਇਕ ਵਾਰੀ ਤੂੰ ਲੀਡਰਾਂ ਦੇ ਖਿਡਾਉਣੇ ਬਣਵਾ ਕੇ ਲਿਆਇਆ ਸੀ। ਅਕਾਲੀ ਲੀਡਰ ਢੀਂਡਸਾ, ਬਰਨਾਲਾ, ਬਾਦਲ, ਸਾਰੇ ਨੀਲੇ ਰੰਗ ਵਿੱਚ ਸਨ ਤੇ ਮਲੂਕਾ ਭਗਵੇਂ ਰੰਗ ਵਿੱਚ ਸੀ। ਮਜੀਠੀਆ ਚਿੱਟੇ ਰੰਗ ਦਾ ਸੀ। ਮੋਦੀ ਦੇ ਝੱਗੇ ਨਾਲ ਜਹਾਜ਼ ਵੀ ਬੰਨ੍ਹਿਆ ਹੋਇਆ ਸੀ। 'ਵੇ ਮੈਂ ਤਾਂ ਮਰਗੀ ਵੇ'..ਮੋਦੀ ਦੀ ਚਾਬੀ ਤੂੰ ਅਡਾਨੀ ਦੇ ਖਿਡੌਣੇ ਦੇ ਡੱਬੇ ਵਿੱਚ ਰੱਖ ਕੇ ਕਹਿ ਰਿਹਾ ਸੀ ਜਿਹੜਾ ਚਾਬੀ ਲੱਭੂ ਉਹਨੂੰ ਅੰਬਾਨੀ ਦਾ ਹੈਲੀਕੌਪਟਰ ਵੀ ਮਿਲੂ! ਵੇ ਤੂੰ ਏਡਾ ਸ਼ਰਾਰਤੀ ਕਿਉਂ ਸੀ, ਰਿਸ਼ੀ? ਕੀ ਮਿਲਦਾ ਸੀ ਤੈਨੂੰ ਇਹ ਸਭ ਕਰ ਕੇ?

ਅਸੀਂ ਜਦੋਂ ਇਧਰ ਆਏ ਸੀ ਤਾਂ ਸਾਡਾ ਹਿਸਾਬ ਕਿਤਾਬ ਹੋਇਆ ਸੀ, ਸਾਡੇ ਸਾਰੇ ਕੀਤੇ ਕਰਾਏ ਦਾ! ਕੋਈ ਕੋਈ ਬਚਿਆ ਸੀ ਡੰਡਾ ਪੈਰੇਡ ਤੋਂ। ਜਦੋਂ ਇਕ ਦਿਨ ਮੈਂ ਪੁੱਛਿਆ ਕਿ ਚਿੱਤਰਗੁਪਤ ਤੋ ਕਿ ਜ਼ਰਾ ਮੈਨੂੰ ਰਿਸ਼ੀ ਦਾ ਦੱਸੀਂ ਜ਼ਰਾ ਹਿਸਾਬ ਲਾ ਕੇ ਤਾਂ ਪਤਾ ਲੱਗਿਆ ਕਿ ਤੂੰ ਤਾਂ ਪਿੰਡ ਦੇ ਸ਼ਮਸ਼ਾਨ ਘਾਟ ਜਾਂ ਮੁਰਦ ਘਾਟ ਦੇ ਪੈਸੇ ਵੀ ਖਾ ਗਿਆ ਲਿਖਿਆ ਸੀ। ਤੂੰ ਕਿਹਾ ਸੀ ਮੁਰਦਿਆਂ ਨੂੰ ਫੂਕਣ ਲਈ ਥਾਂ ਦੀ ਸਫਾਈ ਕਰਾਉਣੀ ਐ ਤੇ ਲੋਕਾਂ ਨੇ ਪੈਸਾ ਪੈਸਾ ਇੱਕਠਾ ਕਰਕੇ ਤੈਨੂੰ ਦਿੱਤਾ ਸੀ ਤੇ ਤੂੰ ਚੁੱਪਚਾਪ ਕਨੇਡੇ ਖਿਸਕ ਗਿਆ। ਪਿਛਲੇ ਮਹੀਨੇ ਉਸੇ ਤੇਰੇ ਮੁਰਦ ਘਾਟ ਵਿੱਚ ਇਕ ਲਾਸ਼ ਦਾ ਸਸਕਾਰ ਕਰਨ ਗਏ ਲੋਕਾਂ ਨੂੰ ਸ਼ਹਿਦ ਦੀਆਂ ਮੱਖੀਆਂ ਨੇ ਡੰਗ ਮਾਰ ਮਾਰ ਕੇ ਅਧਮੋਏ ਕਰਤਾ ਸੀ। ਉਹ ਸਾਰੇ ਤੇਰੇ ਖਾਤੇ ਵਿੱਚ ਲਿਖਦਾ ਚਿੱਤਰਗੁਪਤ ਮੈਂ ਆਪ ਦੇਖਿਆ ਸੀ। 'ਵੇ ਮੈਂ ਤਾਂ ਮਰਗੀ ਵੇ'...!

ਵੇ ਕਾਕਾ! ਮੈਂ ਸਾਫ਼ ਦੱਸਦੀ ਆਂ, ਰੱਬ ਦੇ ਡੰਡੇ ਵਿੱਚ ਅਵਾਜ਼ ਭੋਰਾ ਨਹੀਂ ਹੁੰਦੀ ਪਰ ਇਹਦੀ ਸੱਟ ਬਹੁਤ ਵੱਜਦੀ ਐ! ਮੇਰਾ ਕੰਮ ਤੈਨੂੰ ਦੱਸਣਾ ਐ - ਮੰਨਣਾ ਜਾਂ ਨਾ ਮੰਨਣਾ ਤੇਰਾ ਕੰਮ ਐ!

ਤੇਰੀ ਟਿੰਡ ਤੇ ਬਣਿਆ ਨਕਲੀ ਕੱਛੂ ਕੁੰਮਾਂ ਜਦੋਂ ਤੈਨੂੰ ਅਸਲ ਵਿੱਚ ਦੰਦੀਆਂ ਵੱਢੂ ਤਾਂ ਤੈਨੂੰ ਪਤਾ ਲੱਗੂ! ਬਜ਼ੁਰਗਾਂ ਦੀਆਂ ਬਦ-ਦੁਆਵਾਂ ਤੇ ਉਹਨਾਂ ਦੀਆਂ ਮੰਜੀਆਂ ਕੁਰਸੀਆਂ ਦਾ ਵੀ ਹਿਸਾਬ ਦੇਣਾ ਪੈਣਾ ਜੇ! 'ਵੇ ਮੈਂ ਤਾਂ ਮਰਗੀ ਵੇ'..ਮੈਂ ਤਾਂ ਸੋਚ ਸੋਚ ਕੇ ਈ ਕੰਬ ਉਠਦੀ ਆਂ! ਤੇਰਾ ਕੀ ਬਣੂ ਵੇ, ਰਿਸ਼ੀ!

ਚੰਗਾ ਭਾਈ, 'ਵੇ ਮੈਂ ਤਾਂ ਮਰਗੀ ਵੇ'...!

ਤੇਰੀ ਸੱਤਿਆ ਭੈਣ ਜੀ!



ਪੰਜਾਬੀ ਅਖਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ
ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਪੰਜਾਬ ਵਿੱਚ ਹੜ੍ਹਾਂ ਦਾ ਪ੍ਰਕੋਪ, ਕਾਰਨ ਅਧਾਰਤ ਸਥਾਈ ਹੱਲ ਦੀ ਜ਼ਰੂਰਤ



ਕਾਹਨ ਸਿੰਘ ਪੰਨੂ
ਸਾਬਕਾ ਆਈ ਏ ਐਸ

**ਭਾਖੜਾ ਬਿਆਸ ਮੈਨੇਜਮੈਂਟ ਬੋਰਡ ਜੋ ਕਿ ਭਾਖੜਾ ਤੇ ਪੌਂਗ ਡੈਮ ਦੇ ਰੱਖ ਰਖਾਵ ਦਾ ਜਿੰਮੇਵਾਰ ਹੈ ਅਤੇ ਇਸ ਰੱਖ ਰਖਾਅ ਲਈ ਉਹ ਮੈਂਬਰ ਸਟੇਟਾਂ (ਪੰਜਾਬ, ਹਰਿਆਣਾ ਅਤੇ ਰਾਜਸਥਾਨ) ਨੂੰ ਪਾਣੀ ਅਤੇ ਮੁਫਤ ਬਿਜਲੀ ਦੇ ਕੇ ਉਨ੍ਹਾਂ ਤੋਂ ਹਿੱਸੇ ਅਨੁਸਾਰ ਡੈਮਾਂ ਦੇ ਰੱਖ ਰਖਾਅ ਤੇ ਹੁੰਦੇ ਖਰਚੇ ਲਈ ਰਕਮ ਪ੍ਰਾਪਤ ਕਰਦਾ ਹੈ। ਕਿਉਂਕਿ ਡੈਮਾਂ ਤੋਂ ਹੇਠਾਂ ਵਗਦੇ ਦਰਿਆਵਾਂ ਦਾ ਰੱਖ ਰਖਾਅ ਵੀ ਡੈਮਾਂ ਦੇ ਰੱਖ ਰਖਾਅ ਦਾ ਹੀ ਇੱਕ ਅਟੁੱਟ ਹਿੱਸਾ ਹੈ, ਇਸ ਲਈ ਸਤਲੁਜ ਅਤੇ ਬਿਆਸ ਦਰਿਆ ਦੇ ਮੁਕੰਮਲ ਰੱਖ ਰਖਾਅ ਲਈ ਹਰਿਆਣਾ ਅਤੇ ਰਾਜਸਥਾਨ ਤੋਂ ਉਨ੍ਹਾਂ ਨੂੰ ਦਿੱਤੀ ਜਾ ਰਹੀ ਲਗਭਗ ਮੁਫਤ ਬਿਜਲੀ ਤੇ ਸੈੱਸ ਲਗਾ ਕੇ ਰਕਮ ਪ੍ਰਾਪਤ ਕਰਕੇ ਬੋਰਡ ਵੱਲੋਂ ਪੰਜਾਬ ਸਰਕਾਰ ਨੂੰ ਦਰਿਆਵਾਂ ਦੀ ਸਾਂਭ ਸੰਭਾਲ ਲਈ ਦੇਣੀ ਚਾਹੀਦੀ ਹੈ ਕਿਉਂਕਿ ਦਰਿਆਵਾਂ ਦੇ ਪਾਣੀ ਦਾ ਨਿਯੰਤਰਣ ਸਿਰਫ ਡੈਮਾਂ ਤੇ ਕਰਕੇ ਹੀ ਜਿੰਮੇਵਾਰੀ ਖਤਮ ਨਹੀ ਹੋ ਜਾਂਦੀ ਸਗੋਂ ਡੈਮਾਂ ਤੋਂ ਛੱਡੇ ਜਾਂਦੇ ਪਾਣੀ ਕਾਰਨ ਪੈਦਾ ਹੋਈ ਹੜ੍ਹਾਂ ਦੀ ਸਮੱਸਿਆ ਨੂੰ ਵੀ ਨਿਯੰਤਰਣ ਕਰਨਾ ਇਸੇ ਜਿੰਮੇਵਾਰੀ ਦਾ ਅਨਿੱਖੜਵਾਂ ਹਿੱਸਾ ਹੈ। ਜੇਕਰ ਦੂਜੀਆਂ ਸਟੇਟਾਂ ਹਰੇਕ ਸਾਲ ਮੁਫਤ ਬਿਜਲੀ ਲੈਂਦੀਆਂ ਹਨ ਤਾਂ ਉਹਨਾਂ ਦੀ ਜਿੰਮੇਵਾਰੀ ਹੈ ਕਿ ਉਹ ਇਹਨਾਂ ਡੈਮਾਂ ਕਾਰਨ ਪੈਦਾ ਹੋਏ ਹੜ੍ਹਾਂ ਨੂੰ ਨਿਯੰਤਰਣ ਕਰਨ ਲਈ ਵੀ ਜਿੰਮੇਵਾਰੀ ਨਿਭਾਉਣ।**

ਪੰਜਾਬ ਦੇ ਜੰਮਿਆਂ ਨੂੰ ਅੱਜ ਕੱਲ੍ਹ ਇੱਕ ਹੋਰ ਮੁਸੀਬਤ ਨਾਲ ਸਿੱਝਣਾ ਪੈ ਰਿਹਾ ਹੈ। 2025 ਦੇ ਅਗਸਤ,ਸਤੰਬਰ ਮਹੀਨੇ ਹੋਈਆਂ ਬਾਰਸ਼ਾਂ ਕਾਰਨ ਪੰਜਾਬ, ਹੜ੍ਹਾਂ ਦੀ ਮਹਾਂ ਤਰਾਸਦੀ ਦਾ ਸ਼ਿਕਾਰ ਹੋਇਆ ਹੈ। ਸਾਲ 2023 ਵਿੱਚ ਵੀ ਜੁਲਾਈ ਮਹੀਨੇ ਇਸੇ ਤਰ੍ਹਾਂ ਪੰਜਾਬ ਦਾ ਵੱਡਾ ਹਿੱਸਾ ਹੜ੍ਹਾਂ ਦੀ ਮਾਰ ਹੇਠ ਆਇਆ ਸੀ। ਵਾਤਾਵਰਨ ਵਿਚ ਹੋ ਰਹੀ ਤਬਦੀਲੀ ਕਾਰਨ ਪਹਾੜਾਂ ਅਤੇ ਮੈਦਾਨਾਂ ਵਿੱਚ ਪੈਂਦੇ ਮੁਸਲਾਧਾਰ ਮੀਂਹ ਅਤੇ ਬੱਦਲ ਫਟਣ ਦੀਆਂ ਮਨੁੱਖੀ ਕੰਟਰੋਲ ਤੋਂ ਬਾਹਰ ਵਾਪਰਦੀਆਂ ਕੁਦਰਤੀ ਘਟਨਾਵਾਂ ਮੁੱਖ ਤੌਰ ਤੇ ਹੜ੍ਹਾਂ ਦਾ ਕਾਰਨ ਬਣ ਰਹੀਆਂ ਹਨ।

ਪੰਜਾਬ ਦੀ ਵਸੇਬ ਦੇ ਚੇਤੇ ਵਿੱਚ ਸਤੰਬਰ 1947, ਅਕਤੂਬਰ 1955, ਜੁਲਾਈ 1988, ਸਤੰਬਰ 1993 ਦੇ ਹੜ੍ਹਾਂ ਵੱਲੋਂ ਵੱਡੇ ਪੱਧਰ ਦੇ ਕੀਤੀ ਤਬਾਹੀ ਦੀਆਂ ਯਾਦਾਂ ਅਜੇ ਵੀ ਕਈ ਵਾਰੀ ਤਾਜ਼ੀਆਂ ਹੋ ਜਾਂਦੀਆਂ ਹਨ।

ਪੰਜਾਬ ਵਿੱਚ ਬਰਸਾਤਾਂ ਦੇ ਚੁਮਾਸੇ ਵਿੱਚ ਹੜ੍ਹ ਆਉਣ ਦੇ ਦੋ ਮੁੱਖ ਕਾਰਨ ਹੁੰਦੇ ਹਨ। ਇੱਕ ਜਦੋਂ ਸਣੇ ਪਹਾੜਾਂ ਦੇ ਪੰਜਾਬ ਦੀ ਧਰਤੀ ਤੇ ਵੀ ਬਹੁਤ ਵੱਡੇ ਪੱਧਰ ਤੇ ਬਰਸਾਤ ਹੋਵੇ ਜਿਵੇਂ ਕਿ 1955, 1988 ਅਤੇ 1993 ਦੇ ਸਾਲਾਂ ਵਿੱਚ ਹੋਈ ਸੀ। ਸੰਨ 1955 ਦੇ ਤਿੰਨ, ਚਾਰ ਅਤੇ ਪੰਜ ਅਕਤੂਬਰ ਨੂੰ ਪੰਜਾਬ ਵਿੱਚ ਲਗਾਤਾਰ ਹੋਈ ਬਰਸਾਤ ਨੇ ਵੱਡੇ ਪੱਧਰ ਤੇ ਤਬਾਹੀ ਮਚਾਈ ਸੀ। ਲੋਕਾਂ ਦੇ ਯਾਦ ਹੈ ਕਿ ਜਗਰਾਵਾਂ ਦੇ ਇਲਾਕੇ ਤੋਂ ਤੁਰਿਆ ਦਰਿਆਨੁਮਾ ਪਾਣੀ ਜਦੋਂ ਫਰੀਦਕੋਟ ਜ਼ਿਲ੍ਹੇ ਦੇ ਕੋਟਕਪੂਰਾ ਦੇ ਇਲਾਕੇ ਚ ਪਹੁੰਚਿਆ ਤਾਂ ਇਸ ਦੀ ਛੱਲ ਦੋ ਗਜ ਉੱਚੀ ਸੀ ਅਤੇ ਇਹ ਪਾਣੀ, ਜੋ ਵੀ ਰਸਤੇ ਚ ਆਇਆ, ਉਸ ਨੂੰ ਆਪਣੇ ਨਾਲ ਵਹਾ ਕੇ ਲੈ ਗਿਆ। ਲੋਕਾਂ ਵਿੱਚ ਕਹਾਵਤ ਬਣੀ ਸੀ ਕਿ ਪਾਣੀ ਆ ਗਿਆ ਮੱਲ੍ਹ ਮਲੂਕੇ, ਕੁੱਤੇ ਚੰਦ ਭਾਨ ਦੇ ਕੂੱਕੇ। ਭਾਵੇਂ ਕਿ ਮੱਲ੍ਹ ਮਲੂਕੇ ਤੋਂ ਚੰਦ ਭਾਨ ਦੀ ਦੂਰੀ 11 ਕਿਲੋਮੀਟਰ ਦੀ ਸੀ, ਪਰ ਫਿਰ ਵੀ ਹੜ੍ਹ ਦੇ ਪਾਣੀ ਦੀ ਸਰਸ਼ਰਾਹਟ ਇੰਨੀ ਉੱਚੀ ਸੀ ਕਿ 11 ਕਿਲੋਮੀਟਰ ਦੂਰ ਕੁੱਤਿਆਂ ਨੂੰ ਪਤਾ ਚੱਲ ਗਿਆ ਸੀ। 1947 ਦੇ ਸਤੰਬਰ ਹੜ੍ਹ ਤੋਂ ਬਾਅਦ 1955 ਦਾ ਅਜਿਹਾ ਹੜ੍ਹ ਸੀ ਜੋ ਅਜੇ ਪੰਜਾਬ ਦੇ ਦਰਿਆਵਾਂ ਤੇ ਡੈਮ ਬਣਨ ਤੋਂ ਪਹਿਲਾਂ ਆਇਆ ਸੀ ਅਤੇ ਇਸਨੇ ਬਹੁਤ ਵੱਡੇ ਪੱਧਰ ਤੇ ਜਾਨੀ ਅਤੇ ਮਾਲੀ ਤਬਾਹੀ ਕੀਤੀ ਸੀ।

1955 ਦੇ ਹੜ੍ਹਾਂ ਤੋਂ ਬਾਅਦ ਪੰਜਾਬ ਸਰਕਾਰ ਨੇ ਸਰਦਾਰ ਪਰਤਾਪ ਸਿੰਘ ਕੈਰੋਂ, ਮੁੱਖ ਮੰਤਰੀ ਦੀ ਅਗਵਾਈ ਵਿੱਚ ਬਹੁਤ ਵੱਡੀ ਪੂੰਜੀ ਖਰਚ ਕੇ ਵੱਡੇ ਪੱਧਰ ਤੇ ਪੰਜਾਬ ਵਿੱਚ ਡਰੇਨਾਂ ਕੱਢੀਆਂ ਸਨ ਅਤੇ ਦਰਿਆਵਾਂ ਤੇ ਧੁੱਸੀ ਬੰਧ ਬਣਾਏ ਸਨ।

ਕਿਉਂਕਿ ਪੰਜਾਬ ਦਾ ਸਾਰਾ ਖਿੱਤਾ ਇਸ ਦੇ ਚਾਰ ਦਰਿਆਵਾਂ ਰਾਵੀ, ਬਿਆਸ, ਸਤਲੁਜ ਅਤੇ ਘੱਗਰ ਦਾ ਬੇਸਿਨ ਹੈ, ਇਸ ਲਈ ਪੰਜਾਬ ਦੇ ਕੁਦਰਤੀ ਪਾਣੀ ਦੇ ਵਹਾਅ ਦੇ ਸਾਰੇ ਸਰੋਤ ਜਿਵੇਂ ਕਿ ਨਾਲੇ, ਡਰੇਨਾਂ, ਚੋਆਂ, ਰਾਉ ਆਦਿ ਅਲੱਗ ਅਲੱਗ ਭੂਗੋਲਿਕ ਸਥਿਤੀ ਅਨੁਸਾਰ ਕਿਸੇ ਇੱਕ ਜਾਂ ਦੂਜੇ ਦਰਿਆ ਵਿੱਚ ਜਾ ਕੇ ਡਿੱਗਦੇ ਹਨ। ਮੌਸਮੀ ਤਬਦੀਲੀਆਂ ਕਾਰਨ ਪੰਜਾਬ ਦੇ ਦਰਿਆਵਾਂ ਦਾ ਪਹਾੜੀ ਕੈਚਮੈਂਟ ਏਰੀਆ ਜੋ ਕਿ ਹਿਮਾਚਲ ਅਤੇ ਜੰਮੂ ਦੀਆਂ ਉੱਚੀਆਂ ਪਹਾੜੀਆਂ ਵਿੱਚ ਪੈਂਦਾ ਹੈ ਜਿੱਥੇ ਕਈ ਵਾਰ ਇਕਦਮ ਬਹੁਤ ਜਿਆਦਾ ਮੀਂਹ ਪੈ ਜਾਣ ਕਾਰਨ ਦਰਿਆਵਾਂ ਵਿੱਚ ਇਕਦਮ ਮਣਾ ਮੂੰਹੀਂ ਪਾਣੀ ਆ ਜਾਂਦਾ ਹੈ। ਮਿਤੀ 28 ਅਗਸਤ ਨੂੰ ਜੰਮੂ ਚ 380 ਮੀਲੀ ਮੀਟਰ ਬਰਸਾਤ ਇੱਕ ਦਿਨ ਵਿੱਚ ਹੋਈ ਜਿਸ ਨਾਲ ਰਾਵੀ ਦਰਿਆ ਪੂਰੇ ਉਫਾਨ ਤੇ ਆਇਆ। ਦੱਸਣਯੋਗ ਹੈ ਕਿ ਪੰਜਾਬ ਵਿੱਚ ਸਾਰੇ ਸਾਲ ਵਿੱਚ ਔਸਤ 550 ਮਿਲੀ ਮੀਟਰ ਬਰਸਾਤ ਪੈਂਦੀ ਹੈ। ਦੂਜੇ ਪਾਸੇ ਕਈ ਵਾਰ ਪਾਣੀ ਦਾ ਭਾਰ ਨਾ ਸਹਾਰਦੇ ਹੋਏ ਬੱਦਲ ਫਟ ਜਾਂਦੇ ਹਨ ਜਿਸ ਕਾਰਨ ਇਕਦਮ ਅਣਕਿਆਸੀ ਬਰਸਾਤ ਹੋ ਜਾਂਦੀ ਹੈ ਜਿਵੇਂ ਕਿ ਹਿਮਾਚਲ ਦੇ ਕੁੱਲੂ ਸ਼ਹਿਰ ਨੇੜੇ ਅਗਸਤ ਮਹੀਨੇ ਕਈ ਵੇਰ ਹੋਇਆ ਜਿਸ ਨਾਲ ਬਿਆਸ ਦਰਿਆ ਵਿੱਚ ਬੇਤਹਾਸ਼ਾ ਪਾਣੀ ਆਇਆ। ਦੋਵੇਂ ਹਾਲਾਤਾਂ ਵਿੱਚ ਇੱਕਦਮ ਡਿੱਗਿਆ ਵੱਡੇ ਅਸਮਾਨੀ ਦਿਓ ਰੂਪੀ ਪਾਣੀ ਦਾ ਗੁਬਾਰਾ ਪਹਾੜੀ ਗਾਰ ਪੱਥਰ ਆਦਿ ਨੂੰ ਧੱਕਦਾ ਹੋਇਆ ਦਰਿਆਵਾਂ ਰਾਹੀਂ ਡੈਮਾਂ ਨੂੰ ਚੀਰਦਾ ਹੋਇਆ ਪੰਜਾਬ ਦੇ ਮੈਦਾਨੀ ਖੇਤਰਾਂ ਵਿੱਚ ਪ੍ਰਵੇਸ਼ ਕਰਦਾ ਹੈ ਜੋ ਕਿ ਅੱਗੇ ਦਰਿਆਵਾਂ ਦੇ ਬੰਧਾਂ ਅਤੇ ਕੰਢਿਆਂ ਨੂੰ ਤੋੜਦਾ ਹੋਇਆ ਆਪਣੀ ਗਤੀ ਭਰਪੂਰ ਤਾਕਤ ਨਾਲ ਰਸਤੇ ਵਿੱਚ ਆਉਂਦੇ ਹਰੇਕ ਢਾਂਚੇ ਅਤੇ ਰੋਕ ਨੂੰ ਵਹਾ ਕੇ ਲੈ ਜਾਂਦਾ ਹੈ।

ਪੰਜਾਬ ਦੇ ਦਰਿਆਵਾਂ ਦੇ ਕੁਦਰਤੀ ਵਹਾਅ ਦੀ ਸਾਇੰਸ: ਦਰਿਆਵਾਂ ਵਿੱਚ ਸਦੀਆਂ ਤੋਂ ਵਗਦਾ ਪਾਣੀ ਕੁਦਰਤ ਦੇ ਅਸੂਲਾਂ ਅਨੁਸਾਰ ਨਾਲ ਚੱਲਦਾ ਹੈ। ਸਤਲੁਜ ਦਰਿਆ ਵਿੱਚ ਵਗਦੇ ਪਾਣੀ ਪਿਛਲੀ ਸਾਇੰਸ ਨੂੰ ਦੇਖਿਆ ਜਾਣਾ ਦਰੁਸਤ ਹੋਵੇਗਾ। ਸੰਨ 1926 ਵਿੱਚ ਸਤਲੁਜ ਵੈਲੀ ਪ੍ਰੋਜੈਕਟ ਬਣਾਇਆ ਗਿਆ ਸੀ, ਜਿਸ ਦੇ ਨਿਵਾਣਾਂ ਅਤੇ ਦੂਰੀ ਸਬੰਧੀ ਅੰਕੜੇ ਉਪਲੱਬਧ ਹਨ ਜੋ ਕਿ ਹੇਠਾਂ ਲਿਖੇ ਅਨੁਸਾਰ ਹਨ:-

ਲੜੀ ਨੰ. ਸਤਲੁਜ ਦਰਿਆ ਦੇ ਗੇਜ ਸਟੇਸ਼ਨ ਸਮੁੰਦਰੀ ਤਲ ਤੋਂ ਉਚਾਈ (ਫੁੱਟਾਂ ਵਿੱਚ) ਸਮੁੰਦਰ ਤੋਂ ਦੂਰੀ (ਮੀਲਾਂ ਵਿੱਚ) ਨਿਵਾਣ ਦਾ ਪੱਧਰ

1 ਰੋਪੜ ਹੈਡਵਰਕਸ (ਸੰਨ 1878) 860 1180 0

2 ਫਲੌਰ 762 1125 1.78 ਫੁੱਟ ਪ੍ਰਤੀ ਮੀਲ

3 ਹਰੀਕੇ ਹੈਡਵਰਕਸ (ਸੰਨ 1955) 664 1060 1.50 ਫੁੱਟ ਪ੍ਰਤੀ ਮੀਲ

4 ਫਿਰੋਜ਼ਪੁਰ ਹੈਡਵਰਕਸ 628 1028 1.12 ਫੁੱਟ ਪ੍ਰਤੀ ਮੀਲ

5 ਸੁਲੇਮਾਨਕੀ ਹੈਡਵਰਕਸ (ਪਾਕਿ) (ਸੰਨ 1928) 555 950 1.00 ਫੁੱਟ ਪ੍ਰਤੀ ਮੀਲ

ਉੱਪਰ ਦੱਸੇ ਅੰਕੜਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਰੋਪੜ ਹੈਡਵਰਕਸ ਤੋਂ ਫਲੌਰ ਦੇ ਪੁੱਲ ਤੱਕ 55 ਮੀਲ ਦੀ ਦੂਰੀ ਤੱਕ ਸਤਲੁਜ ਦਰਿਆ ਦੀ ਨਿਵਾਣ 1.78 ਫੁੱਟ ਪ੍ਰਤੀ ਮੀਲ ਹੈ ਅਤੇ ਇਸ ਤੋਂ ਅੱਗੇ ਹਰੀਕੇ ਹੈਡਵਰਕ ਤੱਕ ਇਹ ਨਿਵਾਣ 1.50 ਫੁੱਟ ਪ੍ਰਤੀ ਮੀਲ ਹੈ।

ਇਸੇ ਤਰ੍ਹਾਂ ਹਰੀਕੇ ਤੋਂ ਫਿਰੋਜ਼ਪੁਰ ਹੈਡਵਰਕਸ ਤੱਕ 32 ਮੀਲ ਵਿੱਚ ਇਹ ਨਿਵਾਣ 1.1 ਫੁੱਟ ਪ੍ਰਤੀ ਮੀਲ ਹੈ ਅਤੇ ਉਸ ਤੋਂ ਹੇਠਾਂ ਹੁਸੈਨੀਵਾਲਾ ਹੈਡਵਰਕਸ ਤੋਂ ਸੁਲੇਮਾਨਕੀ ਹੈਡਵਰਕਸ (ਪਾਕਿਸਤਾਨ) ਤੱਕ 78 ਮੀਲ ਦੀ ਦੂਰੀ ਤੇ ਇਹ ਨਿਵਾਣ ਲਗਭਗ 1.00 ਫੁੱਟ ਪ੍ਰਤੀ ਮੀਲ ਹੈ। ਉਕਤ ਤੋਂ ਸ਼ਪਸ਼ਟ ਹੈ ਕਿ ਪੰਜਾਬ ਵਿੱਚ ਦਰਿਆਵਾਂ ਦਾ ਨਿਵਾਣ/ਢਲਾਣ ਬਹੁਤ ਘੱਟ ਹੋਣ ਕਾਰਨ ਇਹਨਾਂ ਵਿੱਚ ਹੜ੍ਹ ਦੇ ਪਾਣੀ ਦਾ ਵਹਾਅ ਹਮੇਸ਼ਾ ਇੱਕ ਚੁਣੌਤੀ ਬਣਿਆ ਰਹਿੰਦਾ ਹੈ।

**ਦਰਿਆਵਾਂ ਵਿੱਚ ਰੇਤਾ- ਇੱਕ ਚੁਣੌਤੀ- ਇੱਕ ਮੌਕਾ :-**

ਜਦੋਂ ਇੱਕ ਡੈਮ/ ਹੈਡਵਰਕਸ ਤੋਂ ਨਿਕਲ ਕੇ ਦਰਿਆ ਦਾ ਪਾਣੀ ਦੂਜੇ ਹੈਡਵਰਕਸ ਵੱਲ ਚਲਦਾ ਹੈ ਤਾਂ ਇਹ ਆਪਣੀ ਤਾਕਤ ਨਾਲ ਦਰਿਆ ਦੀ ਮਿੱਟੀ ਵੀ ਆਪਣੇ ਨਾਲ ਖੋਰ ਕੇ ਲੈ ਜਾਂਦਾ ਹੈ (retrogression) ਅਤੇ ਅੱਗੇ ਜਾ ਕੇ ਅਗਲੇ ਹੈਡਵਰਕਸ ਤੋਂ ਪਹਿਲਾਂ ਜਦੋਂ ਇਸ ਪਾਣੀ ਦੀ ਸਪੀਡ ਘਟਦੀ ਹੈ ਤਾਂ ਦਰਿਆ ਦਾ ਇਹ ਪਾਣੀ ਮਿੱਟੀ ਨੂੰ ਉੱਥੇ ਛੱਡ ਦਿੰਦਾ ਹੈ (accretion)। ਇਸ ਤਰ੍ਹਾਂ ਹੇਠਲੇ ਹੈਡਵਰਕਸ ਦੇ ਗੇਟਾਂ ਤੋਂ ਪਹਿਲਾਂ ਬਣੀ ਝੀਲ ਵਿੱਚ ਮਿੱਟੀ/ਗਾਰ ਜਮ੍ਹਾਂ ਹੁੰਦੀ ਰਹਿੰਦੀ ਹੈ ਅਤੇ ਹੌਲੀ ਹੌਲੀ ਇਹ ਅਜਿਹੇ ਹੈਡਵਰਕਸ ਤੋਂ ਉੱਪਰ ਵਾਲੇ ਪਾਸੇ ਨੂੰ ਦਰਿਆ ਵਿੱਚ ਜਮ੍ਹਾਂ ਹੋਣਾ ਸ਼ੁਰੂ ਹੋ ਜਾਂਦੀ ਹੈ। ਇੱਕ ਸਮੇਂ ਤੋਂ ਬਾਅਦ ਇਹਨਾਂ ਦੋਨਾਂ ਹੈਡਵਰਕਸ ਦੇ ਖਿੱਤੇ ਵਿਚਕਾਰ ਹੇਠਲੇ ਹੈਡਵਰਕਸ ਤੋਂ ਪਹਿਲਾਂ ਜਮਾਂ ਹੋਈ ਮਿੱਟੀ ਅਤੇ ਉੱਪਰਲੇ ਹੈਡਵਰਕਸ ਤੋਂ ਹੇਠਲੇ ਪਾਸੇ ਵੱਲ ਚੁੱਕੀ ਹੋਈ ਮਿੱਟੀ ਇਕ ਬਰਾਬਰ ਤੇ ਆ ਜਾਂਦੀ ਹੈ ਅਤੇ ਦਰਿਆ ਦਾ ਇਹ ਹੀ ਉਹ ਹਿੱਸਾ ਹੁੰਦਾ ਹੈ ਜਿੱਥੇ ਹਰੇਕ ਹੜ੍ਹ ਦੇ ਸਮੇਂ ਦਰਿਆਵਾਂ ਦੇ ਧੁੱਸੀ ਬੰਨ ਟੁੱਟਦੇ ਹਨ ਕਿਉਂਕਿ ਇਹਨਾਂ ਥਾਵਾਂ ਤੇ ਦਰਿਆ ਦੇ ਪਾਣੀ ਲੰਘਣ ਲਈ ਲੋੜੀਂਦੀ ਡੂੰਘਾਈ ਨਹੀਂ ਬਚਦੀ।

ਸਤਲੁਜ ਦਰਿਆ ਦਾ ਨੰਗਲ ਡੈਮ ਤੋਂ ਛੱਡਿਆ ਪਾਣੀ ਅਨੰਦਪੁਰ ਸਾਹਿਬ ਨੇੜਲੇ ਇਲਾਕੇ ਵਿੱਚ ਆਪਣਾ ਰੇਤਾ ਛੱਡ ਦਿੰਦਾ ਹੈ ਜਿੱਥੇ ਦਰਿਆ ਦਾ ਤਲਾ ਉੱਚਾ ਹੋ ਜਾਣ ਕਾਰਨ ਅਤੇ ਹਿਮਾਚਲ ਵੱਲੋਂ ਆਉਦੇ ਸਵਾਂ ਨਦੀ ਦੇ ਪਾਣੀ ਕਾਰਨ ਇਲਾਕੇ ਨੂੰ ਹੜ੍ਹ ਦੀ ਮਾਰ ਦਾ ਸਾਹਮਣਾ ਕਰਨਾ ਪੈਂਦਾ ਹੈ।

ਰੋਪੜ ਹੈਡਵਰਕਸ ਤੋਂ ਛੱਡਿਆ ਦਰਿਆ ਸਤਲੁਜ ਦਾ ਪਾਣੀ ਫਿਲੌਰ ਤੱਕ ਦਰਿਆ ਦੀ ਮਿੱਟੀ ਖੋਰਦਾ ਹੈ ਅਤੇ ਫਲੌਰ ਤੋਂ ਗਿੱਦੜ ਪਿੰਡੀ ਤੋਂ ਕੁਝ ਕਿਲੋਮੀਟਰ ਉੱਪਰ ਤੱਕ ਸਾਂਤ ਚਲਦਾ ਹੈ ਪਰ ਗਿੱਦੜ ਪਿੰਡੀ ਅਤੇ ਯੂਸਫਪੁਰ ਪਿੰਡ ਨੇੜੇ ਆਪਣੇ ਪਾਣੀ ਨਾਲ ਲਿਆਂਦੀ ਮਿੱਟੀ ਨੂੰ ਦਰਿਆ ਦੀ ਸਤਹਿ ਤੇ ਛੱਡਦਾ ਹੋਇਆ ਹਰੀਕੇ ਪਹੁੰਚਦਾ ਹੈ। ਗਿੱਦੜ ਪਿੰਡੀ ਦੇ ਇਲਾਕੇ ਵਿੱਚ ਇਸ ਤਰ੍ਹਾਂ ਛੱਡੀ ਮਿੱਟੀ ਕਾਰਨ ਉੱਚਾ ਹੋਇਆ ਦਰਿਆ ਦਾ ਤਲ ਇਸ ਇਲਾਕੇ ਵਿੱਚ ਹੜ੍ਹਾਂ ਦਾ ਕਾਰਨ ਬਣਦਾ ਹੈ। ਦੇਖਿਆ ਜਾ ਸਕਦਾ ਹੈ ਕਿ ਗਿੱਦੜ ਪਿੰਡੀ ਵਾਲੇ ਰੇਲਵੇ ਪੁੱਲ ਦੇ ਹੇਠਾਂ ਪਿਛਲੇ 50 ਸਾਲਾਂ ਵਿੱਚ 20 ਫੁੱਟ ਦੇ ਕਰੀਬ ਰੇਤਾ ਜਮਾ ਹੋਇਆ ਹੈ।

ਇਸੇ ਤਰ੍ਹਾਂ ਗੋਇੰਦਵਾਲ ਸਾਹਿਬ ਦੇ ਪੁਲ ਅਤੇ ਘਰਕਾ, ਮੁੰਡਾ ਪਿੰਡ ਦੇ ਨੇੜਲੇ ਇਲਾਕੇ ਵਿੱਚ ਵਗਦੇ ਬਿਆਸ ਦਰਿਆ ਵਿੱਚ ਕਈ ਫੁੱਟ ਤੱਕ ਹਰੀਕੇ ਹੈਡਵਰਕਸ ਬਣਨ ਤੋਂ ਬਾਅਦ, ਰੇਤ ਜਮਾ ਹੋਈ ਹੈ ਜੋ ਕਿ ਭਾਰੀ ਬਰਸਾਤਾਂ ਵਿੱਚ ਪੌਂਗ ਡੈਮ ਵਿੱਚੋਂ ਛੱਡੇ ਪਾਣੀ ਕਰਨ ਤਬਾਹੀ ਦਾ ਮੰਜਰ ਬਣਦੀ ਹੈ।

ਫਿਰੋਜ਼ਪੁਰ ਹੈਡਵਰਕਸ ਜੋ ਕਿ ਸੰਨ 1928 ਵਿੱਚ ਬਣਾਇਆ ਗਿਆ ਸੀ ਦੀ ਪਾਣੀ ਭੰਡਾਰਨ ਸਮਰੱਥਾ 24,000 ਏਕੜ ਫੁੱਟ (ਇੱਕ ਏਕੜ ਵਿੱਚ ਇੱਕ ਫੁੱਟ ਪਾਣੀ ਖੜਾ ਕੀਤਾ ਜਾਵੇ ਤਾਂ ਇੱਕ ਏਕੜ ਫੁੱਟ ਬਣਦਾ ਹੈ) ਰੱਖੀ ਗਈ ਸੀ। ਪਰ ਲਗਾਤਾਰ ਗਾਰ/ਰੇਤ ਦੇ ਜਮ੍ਹਾਂ ਹੋਣ ਕਾਰਨ ਅੱਜ ਕੱਲ ਇਸਦੀ ਪਾਣੀ ਭੰਡਾਰਨ ਦੀ ਸਮਰੱਥਾ ਬਹੁਤ ਹੀ ਘੱਟ ਕੇ ਕੇਵਲ 5000 ਏਕੜ ਫੁੱਟ ਦੇ ਕਰੀਬ ਹੀ ਰਹਿ ਗਈ ਹੈ। ਇਸੇ ਤਰ੍ਹਾਂ ਹਰੀਕੇ ਹੈਡਵਰਕਸ ਜੋ ਕਿ ਸੰਨ 1955 ਵਿੱਚ ਬਣਾਇਆ ਗਿਆ ਸੀ ਅਤੇ ਇਸਦੀ ਪਾਣੀ ਭੰਡਾਰ ਕਰਨ ਦੀ ਸਮਰੱਥਾ 67,900 ਏਕੜ ਫੁੱਟ ਰੱਖੀ ਗਈ ਸੀ। ਲਗਾਤਾਰ ਗਾਰ ਜਮ੍ਹਾਂ ਹੋਣ ਕਾਰਨ ਇਸ ਦੀ ਸਮਰੱਥਾ ਲਗਭਗ 10,000 ਏਕੜ ਫੁੱਟ ਰਹਿ ਗਈ ਹੈ।

**ਦਰਿਆ ਅਤੇ ਡੈਮ :-**

ਭਾਰੀ ਬਰਸਾਤਾਂ ਸਮੇਂ ਸਤਲੁਜ ਦਰਿਆ ਤੇ ਬਣੇ ਭਾਖੜਾ ਡੈਮ, ਬਿਆਸ ਦਰਿਆ ਤੇ ਬਣੇ ਪੌਂਗ ਡੈਮ ਅਤੇ ਰਾਵੀ ਦਰਿਆ ਤੇ ਬਣੇ ਰਣਜੀਤ ਸਾਗਰ ਡੈਮ ਵੱਲੋਂ ਫਾਲਤੂ ਪਾਣੀ ਦਰਿਆਵਾਂ ਵੱਲ ਛੱਡਿਆ ਜਾਂਦਾ ਹੈ ਕਿਉਂਕਿ ਅਣਕਿਆਸੀਆਂ ਭਾਰੀ ਬਰਸਾਤਾਂ ਸਮੇਂ ਜੇਕਰ ਡੈਮਾਂ ਵੱਲੋਂ ਪਰੋਟੋਕੋਲ ਮੁਤਾਬਕ ਪਾਣੀ ਨਾ ਛੱਡਿਆ ਜਾਵੇ ਤਾਂ ਡੈਮ ਟੁੱਟਣ ਦਾ ਖਤਰਾ ਖੜਾ ਹੋ ਜਾਂਦਾ ਹੈ ਜੋ ਕਿ ਬਹੁਤ ਵੱਡੀ ਤਬਾਹੀ ਦਾ ਕਾਰਨ ਬਣ ਸਕਦਾ ਹੈ।

ਪਿਛਲੇ ਸਮੇਂ ਵਿੱਚ ਸੰਨ 1947, 1955, 1988 ਅਤੇ 1993 ਦੇ ਹੜ੍ਹਾਂ ਦੌਰਾਨ ਦਰਿਆਵਾਂ ਵਿੱਚ ਹੈਡ ਵਰਕਸ/ ਡੈਮਾਂ ਵੱਲੋਂ ਛੱਡੇ ਗਏ ਪਾਣੀ ਦੀ ਮਿਕਦਾਰ ਤੋਂ ਮੌਜੂਦਾ ਸਮੇਂ ਹੜਾਂ ਨਾਲ ਹੋ ਰਹੀ ਤਬਾਹੀ ਬਾਰੇ ਤਸਵੀਰ ਸਾਹਮਣੇ ਆ ਜਾਂਦੀ ਹੈ। ਸਤੰਬਰ 1947 ਵਿੱਚ ਪਈ ਭਾਰੀ ਬਰਸਾਤ ਕਰਕੇ 26 ਸਤੰਬਰ ਨੂੰ ਸਤਲੁਜ ਦਰਿਆ ਦੇ ਰੋਪੜ ਹੈਡਵਰਕਸ ਤੋਂ 4.90 ਲੱਖ ਕਿਊਸਿਕ ਪਾਣੀ ਹੇਠਾਂ ਵੱਲ ਲੰਘਿਆ ਜੋ ਕਿ ਦੋ ਦਿਨਾਂ ਬਾਅਦ 28 ਸਤੰਬਰ, 1947 ਨੂੰ ਫਿਰੋਜ਼ਪੁਰ ਹੈਡ ਵਰਕਸ ਤੋਂ ਲੰਘਣ ਵੇਲੇ 6.36 ਲੱਖ ਕਿਊਸਿਕ ਹੋ ਗਿਆ ਅਤੇ ਸੁਲੇਮਾਨਕੀ ਹੈਡਵਰਕ ਤੋਂ 30 ਸਤੰਬਰ ਨੂੰ 7.38 ਲੱਖ ਕਿਊਸਿਕ ਪਾਣੀ ਲੰਘਿਆ। ਰੋਪੜ ਹੈਡਵਰਕ ਤੋਂ ਲੰਘੇ ਪਾਣੀ ਤੋਂ ਬਾਅਦ ਫਿਰੋਜਪੁਰ ਅਤੇ ਸੁਲੇਮਾਨਕੀ ਹੈਡਵਰਕਸ ਤੇ ਪਾਣੀ ਵਧਣ ਦਾ ਕਾਰਨ ਸਤਲੁਜ ਦੇ ਪਾਣੀ ਵਿੱਚ ਹਰੀਕੇ ਵਿਖੇ ਬਿਆਸ ਦੇ ਪਾਣੀ ਦਾ ਰਲਣਾ ਅਤੇ ਮੀਂਹ ਕਾਰਨ ਹੇਠਲੇ ਇਲਾਕਿਆਂ ਵਿੱਚ ਵਧੇ ਪਾਣੀ ਦਾ ਦਰਿਆ ਵਿੱਚ ਨਦੀਆਂ ਨਾਲਿਆਂ ਰਾਹੀ ਪੈਣਾ ਸੀ।

1955 ਦੇ ਅਕਤੂਬਰ ਮਹੀਨੇ ਵਿੱਚ ਆਏ ਹੜ੍ਹਾਂ ਤੋਂ ਪਹਿਲਾਂ ਕਿਉਂਕਿ ਹਰੀਕੇ ਹੈਡਵਰਕਸ ਬਣ ਚੁੱਕਿਆ ਸੀ। ਇਸ ਲਈ ਸਤਲੁਜ ਅਤੇ ਬਿਆਸ ਦਰਿਆ ਦਾ 8.00 ਲੱਖ ਕਿਊਸਿਕ ਪਾਣੀ ਇਕੱਠਾ ਹੋ ਕੇ ਇਸ ਹੈਡਵਰਕਸ ਤੋਂ 2 ਅਕਤੂਬਰ ਨੂੰ ਲੰਘਿਆ ਜੋ ਕਿ ਅੱਗੇ ਹੋਰ ਲੋਕਲ ਪਾਣੀ ਦੇ ਜਮਾ ਹੋ ਜਾਣ ਕਾਰਨ ਫਿਰੋਜ਼ਪੁਰ ਹੈਡ ਵਰਕਸ ਤੋਂ 9 ਲੱਖ ਕਿਊਸਿਕ ਪਾਣੀ ਦਾ ਲੰਘਾਅ ਹੋਇਆ।

ਸੰਨ 1988 ਦੇ ਹੜ੍ਹਾਂ ਦੌਰਾਨ ਰੋਪੜ ਹੈਡਵਰਕਸ ਤੋਂ ਮਿਤੀ 26 ਸਤੰਬਰ ਨੂੰ 4.78 ਲੱਖ ਕਿਊਸਿਕ ਪਾਣੀ ਲੰਘਿਆ ਜੋ ਕਿ ਹਰੀਕੇ ਹੈਡਵਰਕਸ ਤੋਂ ਮਿਤੀ 28 ਸਤੰਬਰ ਨੂੰ ਲੰਘਣ ਸਮੇਂ 5.74 ਲੱਖ ਕਿਊਸਿਕ ਹੋ ਗਿਆ ਅਤੇ ਫਿਰੋਜ਼ਪੁਰ ਹੈਡਵਰਕਸ ਤੱਕ ਇਹ ਮਿਤੀ 29 ਸਤੰਬਰ ਨੂੰ 9.00 ਲੱਖ ਕਿਊਸਿਕ ਹੋ ਗਿਆ। ਇਸੇ ਤਰ੍ਹਾਂ ਸੰਨ 1993 ਦੇ ਹੜ੍ਹਾਂ ਦੌਰਾਨ ਵੀ ਰੋਪੜ ਹੈਡਵਰਕਸ ਤੋਂ ਲਗਭਗ 4.00 ਲੱਖ ਕਿਊਸਿਕ ਪਾਣੀ ਲੰਘਿਆ ਸੀ।

ਭਾਵੇਂ ਕਿ 1988 ਤੇ 1993 ਵਿੱਚ ਦਰਿਆਵਾਂ ਵਿੱਚੋਂ ਲੰਘਣ ਵਾਲਾ ਪਾਣੀ 1947 ਅਤੇ 1955 ਤੋਂ ਘੱਟ ਸੀ ਪਰ ਫਿਰ ਵੀ 1988 ਅਤੇ 1993 ਵਾਲੇ ਹੜ੍ਹਾਂ ਨੇ ਵਿਆਪਕ ਤਬਾਹੀ ਕੀਤੀ ਕਿਉਂਕਿ ਇਸ ਸਮੇਂ ਦੌਰਾਨ ਦਰਿਆਵਾਂ ਵਿੱਚ ਗਾਰ/ ਰੇਤਾ ਜਮਾਂ ਹੋਣ ਨਾਲ ਦਰਿਆਵਾਂ ਦੀ ਪਾਣੀ ਨੂੰ ਵਗਾਉਣ ਦੀ ਸਮਰੱਥਾ ਘੱਟ ਗਈ ਸੀ।

ਹੁਣ ਹਾਲਾਤ ਇਹ ਹੈ ਕਿ ਸਤਲੁਜ ਅਤੇ ਬਿਆਸ ਦਰਿਆ ਵਿੱਚ ਜੇਕਰ 1.5 ਲੱਖ ਕਿਊਸਿਕ ਪਾਣੀ ਵੀ ਛੱਡਿਆ ਜਾਵੇ ਤਾਂ ਇਹ ਹੇਠਲੇ ਪਾਸੇ ਭਿਆਨਕ ਤਬਾਹੀ ਕਰਦਾ ਹੈ।

**ਇਲਾਜ:**

ਜਦੋਂ ਬਿਮਾਰੀ ਦੀ ਪਛਾਣ ਹੋ ਜਾਵੇ ਤਾਂ ਇਸ ਦਾ ਇਲਾਜ ਸੌਖਾ ਹੋ ਜਾਂਦਾ ਹੈ। ਪਰ ਜੇਕਰ ਇਲਾਜ ਕਰਨ ਵਾਲਾ ਡਾਕਟਰ ਹੀ ਇਲਾਜ ਨਾ ਕਰਦਾ ਹੋਵੇ ਤਾਂ ਬਿਮਾਰੀ ਦਿਨੋ ਦਿਨ ਭਿਆਨਕ ਰੂਪ ਅਖਤਿਆਰ ਕਰਦੀ ਹੈ।

ਹਰੇਕ ਚਾਰਾਗਰ (ਡਾਕਟਰ) ਕੋ ਚਾਰਾਗਰੀ ਸੇ ਗੁਰੇਜ਼ ਥਾ,
ਵਰਨਾ ਯੇ ਜੋ ਹਮਾਰੇ ਦੁੱਖ ਥੇ ਯੇ ਲਾ-ਦਵਾ (ਬੇਇਲਾਜ) ਨਾ ਥੇ

ਸਾਰੀ ਦੁਨੀਆ ਵਿੱਚ ਹੜ੍ਹ ਪ੍ਰਬੰਧਨ ਦਾ ਕਾਰਗਰ ਤਰੀਕਾਕਾਰ ਦਰਿਆਵਾਂ ਦਾ ਤਲ ਪੱਧਰ ਸਾਫ ਰੱਖਣਾ ਤੇ ਧੁੱਸੀ ਬੰਧਾਂ ਦੀ ਸਾਂਭ ਸੰਭਾਲ ਤੇ ਨਿਰਭਰ ਕਰਦਾ ਹੈ। ਇੱਕ ਅਨੁਮਾਨ ਅਨੁਸਾਰ ਜੇਕਰ ਦਰਿਆਵਾਂ ਤੇ ਕੋਈ ਡੈਮ ਜਾਂ ਕੋਈ ਹੋਰ ਢਾਂਚਾ ਨਾ ਬਣਿਆ ਹੋਵੇ ਤਾਂ ਵੀ ਹਰੇਕ ਸਾਲ ਕੁੱਝ ਇੰਚਾਂ ਤੱਕ ਰੇਤ/ਮਿੱਟੀ ਪੈ ਕੇ 50-60 ਸਾਲਾਂ ਵਿੱਚ ਦਰਿਆ ਦਾ ਤਲਾ ਉੱਚਾ ਹੋਣ ਕਾਰਨ ਹੜ੍ਹਾਂ ਦੀ ਸਥਿਤੀ ਬਣ ਜਾਂਦੀ ਹੈ ਪਰ ਦਰਿਆਵਾਂ ਤੇ ਡੈਮ, ਹੈਡਵਰਕਸ ਅਤੇ ਹੋਰ ਢਾਂਚਿਆਂ ਦੇ ਬਣਨ ਤੋਂ ਬਾਅਦ ਤਾਂ ਮਿੱਟੀ ਇਕੱਠੀ ਹੋਣ ਦਾ ਵਰਤਾਰਾ ਬਹੁਤ ਵੱਧ ਜਾਂਦਾ ਹੈ।

**ਸਿੰਧ ਘਾਟੀ ਦੀ ਸੱਭਿਅਤਾ ਅਤੇ ਦਰਿਆਵਾਂ ਵਿੱਚ ਮਿੱਟੀ -**

ਅੱਜ ਤੋਂ 5 ਹਜਾਰ ਸਾਲ ਪਹਿਲਾਂ ਦਰਿਆਵਾਂ ਕੰਢੇ ਪੰਜਾਬ ਵਿੱਚ ਘੁੱਗ ਵਸਦੀ ਸਿੰਧ ਘਾਟੀ ਦੀ ਸਭਿਅਤਾ ਸ਼ੁਰੂ ਹੋਈ ਸੀ। ਜੋਹਨ ਮਾਰਸ਼ਲ, ਪ੍ਰਸਿੱਧ ਪੁਰਾਤੱਤਵ ਵਿਗਿਆਨੀ ਵੱਲੋਂ ਇਸ ਸੱਭਿਅਤਾ ਦਾ ਰਾਵੀ ਦਰਿਆ ਤੇ ਵਸਿਆ ਮਹਿੰਦਜੋਦੜੋ ਸ਼ਹਿਰ 1930 ਵਿੱਚ ਲੱਭਿਆ ਗਿਆ ਅਤੇ ਪਾਇਆ ਗਿਆ ਕਿ ਜਦੋਂ ਇਹ ਸ਼ਹਿਰ ਵੱਸਿਆ ਸੀ ਤਾਂ ਇਹ ਦਰਿਆ ਤੋਂ 6-7 ਫੁੱਟ ਉੱਚਾ ਸੀ। ਪਰ 1300 ਸਾਲ ਬਾਅਦ ਜਦੋਂ ਇਸ ਸਭਿਆਤਾ ਦਾ ਖਤਮਾ ਹੋਇਆ ਤਾਂ ਖੁਦਾਈ ਤੋਂ ਪਤਾ ਲੱਗਿਆ ਕਿ ਘਰਾਂ ਦੀਆਂ ਨੀਹਾਂ ਲਗਭਗ 7 ਵਾਰੀ ਨਵੇਂ ਸਿਰੇ ਤੋਂ ਉੱਚੇ ਚੱਕ ਕੇ ਸਥਾਪਿਤ ਕੀਤੀਆਂ ਗਈਆਂ ਸਨ। 1930 ਵਿੱਚ ਖੁਦਾਈ ਸਮੇਂ ਪਤਾ ਲੱਗਿਆ ਕਿ ਮੌਜੂਦਾ ਸਮੇਂ ਰਾਵੀ ਦਰਿਆ ਇਸ ਸ਼ਹਿਰ ਤੋਂ 50 ਫੁੱਟ ਉੱਚਾ ਵਗ ਰਿਹਾ ਸੀ। ਜਿਸ ਦਾ ਮਤਲਬ ਹੈ ਕਿ 5000 ਸਾਲਾਂ ਵਿੱਚ ਦਰਿਆ ਰਾਵੀ ਵਿੱਚ 50 ਫੁੱਟ ਤੱਕ ਪਹਾੜਾਂ ਤੋਂ ਆਇਆ ਰੇਤਾ ਵਿਛਣ ਕਾਰਨ ਇਹ ਇੱਨਾ ਉੱਚਾ ਹੋ ਗਿਆ ਸੀ। ਭਾਵੇਂ ਕਿ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕੀ ਦਰਿਆ ਕੰਢੇ ਘੁੱਗ ਵਸਦੀ ਇਹ ਸਭਿਅਤਾ ਕਿਹੜੇ ਕਾਰਨਾਂ ਕਰਕੇ ਖਤਮ ਹੋਈ ਪਰ ਇੱਕ ਗੱਲ ਸਪੱਸ਼ਟ ਹੈ ਕਿ ਦਰਿਆਵਾਂ ਵਿੱਚ ਮਿੱਟੀ ਚੜਨ ਕਾਰਨ ਇਸ ਸਭਿਅਤਾ ਨੂੰ ਹੜ੍ਹਾਂ ਦੀ ਬਹੁਤ ਵੱਡੀ ਮਾਰ ਸਹਿਣੀ ਪਈ ਸੀ।

ਇਸ ਲਈ ਲੋੜ ਹੈ ਕਿ ਪੰਜਾਬ ਦੇ ਸਣੇ ਘੱਗਰ ਚਾਰੇ ਦਰਿਆਵਾਂ ਦੀ ਲਗਾਤਾਰ ਸਾਫ ਸਫਾਈ ਅਤੇ ਸਾਂਭ ਸੰਭਾਲ ਦਾ ਪ੍ਰੋਜੈਕਟ ਬਣਾ ਕੇ ਕੰਮ ਕੀਤਾ ਜਾਵੇ। ਇਹਨਾਂ ਵਿੱਚੋਂ ਸਾਲਾਂ ਦੀ ਇਕੱਠੀ ਹੋਈ ਗਾਰ/ਮਿੱਟੀ ਕੱਢ ਕੇ ਇਹਨਾਂ ਦੀ ਕੁਦਰਤੀ ਸਤਹਿ ਅਤੇ ਵਹਾਅ ਨੂੰ ਬਹਾਲ ਕੀਤਾ ਜਾਵੇ ਅਤੇ ਇਸ ਨੂੰ ਲਗਾਤਾਰ ਬਹਾਲ ਰੱਖਿਆ ਜਾਵੇ।

ਇਹਨਾਂ ਦਰਿਆਵਾਂ ਦੇ ਬੰਧਾਂ ਨੂੰ ਮਜਬੂਤ ਕਰਕੇ ਦਰਿਆਵਾਂ ਦੀ ਚੈਨੇਲਾਈਜੇਸ਼ਨ ਕੀਤੀ ਜਾਵੇ।

ਇਹ ਵੀ ਜਰੂਰੀ ਹੈ ਕਿ ਇਹਨਾਂ ਦਰਿਆਵਾਂ ਵਿੱਚ ਖੇਤੀ ਕਰਦੇ ਕਿਸਾਨਾਂ ਨੂੰ ਸਫੈਦੇ ਜਾਂ ਪਾਪੂਲਰ ਵਰਗੇ ਜੰਗਲਾਤੀ ਦਰਖਤਾਂ ਦੀ ਖੇਤੀ ਕਰਨ ਤੋਂ ਰੋਕਿਆ ਜਾਵੇ ਤਾਂ ਜੋ ਪਾਣੀ ਦੇ ਵਹਾਅ ਵਿੱਚ ਕੋਈ ਰੋਕ ਟੋਕ ਨਾ ਆਵੇ।

**ਵੱਡੇ ਫੰਡਾਂ ਦੀ ਜ਼ਰੂਰਤ-:**

ਉਕਤ ਕੰਮਾਂ ਲਈ ਬਹੁਤ ਵੱਡੀ ਰਕਮ ਦੀ ਜਰੂਰਤ ਪਵੇਗੀ ਜੋ ਕਿ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਵੱਲੋਂ ਹਰੇਕ ਸਾਲ ਸਹੀ ਸਮੇਂ ਉਪਲਬਧ ਕਰਾਉਣੀ ਬਣਦੀ ਹੈ।

ਭਾਖੜਾ ਬਿਆਸ ਮੈਨੇਜਮੈਂਟ ਬੋਰਡ ਜੋ ਕਿ ਭਾਖੜਾ ਤੇ ਪੌਂਗ ਡੈਮ ਦੇ ਰੱਖ ਰਖਾਵ ਦਾ ਜਿੰਮੇਵਾਰ ਹੈ ਅਤੇ ਇਸ ਰੱਖ ਰਖਾਅ ਲਈ ਉਹ ਮੈਂਬਰ ਸਟੇਟਾਂ (ਪੰਜਾਬ, ਹਰਿਆਣਾ ਅਤੇ ਰਾਜਸਥਾਨ) ਨੂੰ ਪਾਣੀ ਅਤੇ ਮੁਫਤ ਬਿਜਲੀ ਦੇ ਕੇ ਉਨ੍ਹਾਂ ਤੋਂ ਹਿੱਸੇ ਅਨੁਸਾਰ ਡੈਮਾਂ ਦੇ ਰੱਖ ਰਖਾਅ ਤੇ ਹੁੰਦੇ ਖਰਚੇ ਲਈ ਰਕਮ ਪ੍ਰਾਪਤ ਕਰਦਾ ਹੈ। ਕਿਉਂਕਿ ਡੈਮਾਂ ਤੋਂ ਹੇਠਾਂ ਵਗਦੇ ਦਰਿਆਵਾਂ ਦਾ ਰੱਖ ਰਖਾਅ ਵੀ ਡੈਮਾਂ ਦੇ ਰੱਖ ਰਖਾਅ ਦਾ ਹੀ ਇੱਕ ਅਟੁੱਟ ਹਿੱਸਾ ਹੈ, ਇਸ ਲਈ ਸਤਲੁਜ ਅਤੇ ਬਿਆਸ ਦਰਿਆ ਦੇ ਮੁਕੰਮਲ ਰੱਖ ਰਖਾਅ ਲਈ ਹਰਿਆਣਾ ਅਤੇ ਰਾਜਸਥਾਨ ਤੋਂ ਉਨ੍ਹਾਂ ਨੂੰ ਦਿੱਤੀ ਜਾ ਰਹੀ ਲਗਭਗ ਮੁਫਤ ਬਿਜਲੀ ਤੇ ਸੈੱਸ ਲਗਾ ਕੇ ਰਕਮ ਪ੍ਰਾਪਤ ਕਰਕੇ ਬੋਰਡ ਵੱਲੋਂ ਪੰਜਾਬ ਸਰਕਾਰ ਨੂੰ ਦਰਿਆਵਾਂ ਦੀ ਸਾਂਭ ਸੰਭਾਲ ਲਈ ਦੇਣੀ ਚਾਹੀਦੀ ਹੈ ਕਿਉਂਕਿ ਦਰਿਆਵਾਂ ਦੇ ਪਾਣੀ ਦਾ ਨਿਯੰਤਰਣ ਸਿਰਫ ਡੈਮਾਂ ਤੇ ਕਰਕੇ ਹੀ ਜਿੰਮੇਵਾਰੀ ਖਤਮ ਨਹੀ ਹੋ ਜਾਂਦੀ ਸਗੋਂ ਡੈਮਾਂ ਤੋਂ ਛੱਡੇ ਜਾਂਦੇ ਪਾਣੀ ਕਾਰਨ ਪੈਦਾ ਹੋਈ ਹੜ੍ਹਾਂ ਦੀ ਸਮੱਸਿਆ ਨੂੰ ਵੀ ਨਿਯੰਤਰਣ ਕਰਨਾ ਇਸੇ ਜਿੰਮੇਵਾਰੀ ਦਾ ਅਨਿੱਖੜਵਾਂ ਹਿੱਸਾ ਹੈ। ਜੇਕਰ ਦੂਜੀਆਂ ਸਟੇਟਾਂ ਹਰੇਕ ਸਾਲ ਮੁਫਤ ਬਿਜਲੀ ਲੈਂਦੀਆਂ ਹਨ ਤਾਂ ਉਹਨਾਂ ਦੀ ਜਿੰਮੇਵਾਰੀ ਹੈ ਕਿ ਉਹ ਇਹਨਾਂ ਡੈਮਾਂ ਕਾਰਨ ਪੈਦਾ ਹੋਏ ਹੜ੍ਹਾਂ ਨੂੰ ਨਿਯੰਤਰਣ ਕਰਨ ਲਈ ਵੀ ਜਿੰਮੇਵਾਰੀ ਨਿਭਾਉਣ।

**ਡੈਮਾਂ ਦੇ ਪਾਣੀ ਛੱਡਣ ਦੇ ਪਰੋਟੋਕੋਲ ਦਾ ਮੁੜ ਮੁਲਾਕਣ :-**

ਪੰਜਾਬ ਦੇ ਡੈਮਾਂ ਨੂੰ ਭਰਨ,ਸਿੰਚਾਈ ਅਤੇ ਬਿਜਲੀ ਲੋੜਾਂ ਦੀ ਪੂਰਤੀ ਲਈ ਪਾਣੀ ਛੱਡਣ ਅਤੇ ਹੜ੍ਹਾਂ ਸਮੇਂ ਪਾਣੀ ਨੂੰ ਨਿਯੰਤਰਣ ਕਰਨ ਦਾ ਇੱਕ ਪਰੋਟੋਕੋਲ ਬਣਿਆ ਹੋਇਆ ਹੈ ਜੋ ਕਿ ਕਾਫੀ ਪੁਰਾਣਾ ਹੈ। ਮੌਜੂਦਾ ਦੌਰ ਵਿੱਚ ਆਲਮੀ ਤਪਸ਼ ਵਧਣ ਕਾਰਨ ਵਾਤਾਵਰਣ ਵਿੱਚ ਆ ਰਹੀਆਂ ਤਬਦੀਲੀਆਂ ਕਾਰਨ ਦਰਿਆਵਾਂ ਵਿੱਚ ਅਚਾਨਕ ਆਉਂਦੇ ਪਾਣੀ ਦੀ ਮਿਕਦਾਰ ਅਤੇ ਵੇਗ ਕਾਰਨ ਪਰੋਟੋਕੋਲ ਦਾ ਮੁੜ ਮੁਲਾਕਣ ਕਰਨਾ ਬਣਦਾ ਹੈ।

**ਤੱਤ ਸਾਰ :-**

ਹੜ੍ਹਾਂ ਦੀ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ।ਇਸ ਸਭ ਕੁਝ ਲਈ ਮਜਬੂਤ ਰਾਜਨੀਤਿਕ ਇਰਾਦੇ ਦੀ ਲੋੜ ਹੈ ਅਤੇ ਵੱਡੇ ਫੰਡਾਂ ਦਾ ਪ੍ਰਬੰਧ ਕਰਨਾ ਬਹੁਤ ਜਰੂਰੀ ਹੋਵੇਗਾ। ਨਹੀਂ ਤਾਂ ਆਉਣ ਵਾਲੇ ਸਾਲਾਂ ਵਿੱਚ ਵੀ ਪੰਜਾਬ ਦੇ ਜੰਮਦਿਆਂ ਨੂੰ ਇਸੇ ਤਰ੍ਹਾਂ ਦੇ ਹੜ੍ਹਾਂ ਦੇ ਹਾਲਾਤਾਂ ਨਾਲ ਸਿੱਝਣਾ ਪਵੇਗਾ ਜਿੱਥੇ ਲੋਕਾਂ ਦਾ ਅਰਬਾਂ ਰੁਪਏ ਦਾ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਰਹੇਗਾ।






ਨਿੰਦਰ ਘੁਗਿਆਣਵੀ ਦਾ ਕਾਲਮ

## ਮੇਰਾ ਕੋਨਾ



9417421700

## ਨਿਵੇਕਲੀ ਸੁਰ ਦਾ ਸੱਚ



ਸੋਸ਼ਲ ਮੀਡੀਆ ਉਤੇ ਇਕ ਗੀਤ ਬੋਲ ਸੁਣੇ, ਵੀਡੀਓ ਵੀ ਵਧੀਆ ਲੱਗੀ। ਗੀਤ ਸੁਣ ਕੇ ਸੱਚ ਸੱਚ ਜਿਹਾ ਲੱਗਿਆ, ਜਿਵੇਂ ਕੋਈ ਸੁਰ ਸਾਰਾ ਸੱਚ ਬੋਲ ਰਹੀ ਹੋਵੇ! ਗਾਇਕ ਦੀ ਆਵਾਜ ਵਿੱਚ ਪਕਿਆਈ ਦਿਸੀ। ਸੰਗੀਤ ਦੀ ਸਮਝ ਤੇ ਗੀਤ ਦੇ ਬੋਲ ਮਨ ਨੂੰ ਭਾਉਣ ਵਾਲੇ ਲੱਗੇ। ਇਕ ਮਾਂ ਪਰਦੇਸ ਗਏ ਆਪਣੇ ਪੁੱਤ ਨੂੰ ਆਖਦੀ ਹੈ ਕਿ ਪੁੱਤ ਆਜਾ, ਹੁਣ ਪਿੰਡ ਮੁੜ ਆ, ਤੇਰਾ ਵਿਆਹ ਵਗੈਰਾ ਕਰੀਏ। ਪੁੱਤ ਅੱਗੋਂ ਮਾਂ ਨੂੰ ਕੀ ਆਖਦਾ ਹੈ, ਇਹ ਗੀਤ ਵਿਚ ਹੀ ਸੁਣੋ, ਜੋ ਮੈਂ ਸੁਣਿਆ ਉਹ ਬੋਲ ਹਨ:

**ਬੇਬੇ ਕਹਿੰਦੀ ਕਰਨਾ ਵਿਆਹ ਪੁੱਤ ਦਾ**
**ਐਥੇ ਲੈਣਾ ਔਖਾ ਹੋਇਆ ਸਾਹ ਪੁੱਤ ਦਾ**
**ਅਜੇ ਕਰਦਾਂ ਪੜਾਈਆਂ ਮੇਰੀ ਅੰਮੀਏ, ਸੈਟ ਕਰਨੇ ਨੇ ਬੜੇ ਕੰਮਕਾਰ ਨੀ**
**ਐਵੇਂ ਕਰ ਨਾ ਉਡੀਕਾਂ ਮਾਏ ਮੇਰੀਏ**
**ਪੁੱਤ ਹੋਕੇ ਆਊ ਤੇਰਾ ਪੀ ਆਰ ਨੀ**
**ਥੱਕ ਹਾਰ ਕੰਮ ਉਤੇ ਕੱਲਾ ਜਦੋਂ ਬਹਿ ਜਾਵਾਂ**
**ਸੋਚਾਂ ਦੀ ਫਲਾਈਟ ਉਤੇ ਪਿੰਡ ਵੱਲ ਪੈ ਜਾਵਾਂ**
**ਬਸ, ਦਿਲ ਦੇ ਖਿਆਲ ਰਹਾਂ ਲਿਖਦਾ,**
**ਕਿਹੜਾ ਬਣਨਾ ਹੈ ਮੈਨੇ ਗੀਤਕਾਰ ਨੀ**
**ਐਵੇਂ ਕਰ ਨਾ ਉਡੀਕਾਂ ਮਾਏਂ ਮੇਰੀਏ---**
**ਹਾਲੇ ਦਿਨ ਰਾਤ ਮੇਹਨਤ ਹਾਂ ਕਰਦਾ**
**ਸਿਰੋਂ ਲਾਹੁੰਣਾ ਬਾਪੂ ਕਰਜੇ ਦਾ ਭਾਰ ਨੀ--**

ਪਤਾ ਲੱਗਿਆ ਕਿ ਇਹ ਗੀਤ ਗਾਇਆ ਵੀ ਸੈਮੀ ਰੰਧਾਵਾ ਨੇ ਹੈ ਤੇ ਲਿਖਿਆ ਵੀ ਉਸੇ ਦਾ ਹੀ ਹੈ। ਮਾਝੇ ਦਾ ਸੈਮੀ ਜਦ ਕੈਨੇਡਾ ਆਇਆ ਸੀ 2018 ਦੇ ਲਾਗੇ ਚਾਗੇ, ਤਾਂ ਉਸਦਾ ਵਿਦਿਆਰਥੀ ਜੀਵਨ ਸੀ। ਤਿੱਖਾ ਸੰਘਰਸ਼ ਸੀ। ਜੋ ਉਸ ਨੇ ਵੇਖਿਆ ਤੇ ਹੰਢੀਂ ਹੰਢਾਇਆ, ਉਹੋ ਲਿਖ ਤੇ ਗਾ ਦਿੱਤਾ। ਇਹ ਇਕੱਲੇ ਸੈਮੀ ਦੀ ਕਹਾਣੀ ਨਹੀ ਹੈ, ਹਰ ਇਕ ਪਰਦੇਸੀ ਮੁੰਡੇ ਦੀ ਕਥਾ ਹੈ ਏਹ। ਸੰਗੀਤ ਦਿੱਤਾ ਕੇਪੀ ਬੀਟਸ ਨੇ ਤੇ ਵੀਡੀਓਕਰਨ ਕਰਿਆ ਅਮਰਜੋਤ ਮਾਨ ਨੇ। ਕੈਲਗਰੀ ਵਿਚ ਸ਼ੂਟਿੰਗ ਕੀਤੀ ਗਈ ਇਸ ਗੀਤ ਦੀ। ਖੈਰ, ਕੀ ਹੋਇਆ। ਕਿਵੇਂ ਹੋਇਆ, ਪਰ ਜੋ ਹੋਇਆ, ਬਹੁਤ ਖੂਬਸੂਰਤ ਢੰਗ ਨਾਲ ਹੋਇਆ। ਮੈਂ ਇਹ ਗੀਤ ਆਪਣੇ ਕਾਫੀ ਦੋਸਤਾਂ ਨੂੰ ਦੇਸ ਪ੍ਰਦੇਸ ਵੀ ਸਾਂਝਾ ਕਰਿਆ। ਸਭ ਸੁਣ ਕੇ ਖੁਸ਼ ਹੋਏ ਕਿ ਮਨੁੱਖੀ ਮਨ ਦੇ ਅੰਦਰੂਨੀ ਜਜਬੇ ਪੇਸ਼ ਕਰੇ ਨੇ ਮੁੰਡੇ ਨੇ। ਸੈਮੀ ਰੰਧਾਵਾ ਤੇ ਉਹਦੇ ਸਾਥੀਆਂ ਦਾ ਧੰਨਵਾਦ, ਹੋਰ ਵੀ ਖੂਬ ਲਿਖੋ ਤੇ ਗਾਓ।

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਜੱਟ ਸਿੱਖ ਸੋਹੀ ਪਰਿਵਾਰ ਦੇ ਕੈਨੇਡਾ ਵਰਕ ਪਰਮਿਟ ਉੱਪਰ ਕੈਲਗਰੀ ਵਿਖੇ ਕੰਨਸਟਰੱਕਸ਼ਨ ਦੀ ਜੌਬ ਕਰਦੇ (ਨਾਨ ਅਲਕੋਹਲਕ)ਲੜਕੇ,ਜਨਮ 1992, ਕੱਦ 5 ਫੁੱਟ 7 ਇੰਚ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੀ ਲੜਕੀ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕੇ ਦਾ ਬਾਕੀ ਪਰਿਵਾਰ ਵੀ ਕੈਲਗਰੀ ਹੀ ਸੈਟਲਡ ਹੈ। ਸੰਪਰਕ: 1 647 779 9118 ***277***

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਕੈਨੇਡਾ ਆਏ ਜੱਟ ਸਿੱਖ ਧਾਲੀਵਾਲ ਮੋਗਾ ਏਰੀਆ ਨਾਲ ਸਬੰਧਿਤ ਪਰਿਵਾਰ ਦੇ ਐਡਮਿੰਟਨ ਰਹਿੰਦੇ ਲੜਕੇ ਜਨਮ 2000,ਕੱਦ 5 ਫੁੱਟ 11 ਇੰਚ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ:1780 803 4234 ਜਾਂ 1 780 318 4367 ***281***

### ਲੜਕੀ ਦੀ ਲੋੜ

Well Settled Ramgarhia family looking for a suitable match for their son (Never Married) 34-year-old, 5-10 Tall, Clean Shaved. Running a Financing Business in Winnipeg. Canadian Citizen. Cast No Bar. Can be considered work permits or visitor Visa. Call at 204-510-7658 for more Information. ***281***

### ਲੜਕੇ ਦੀ ਲੋੜ

ਰਾਮਗੜੀਆ ਸਿੱਖ ਪਰਿਵਾਰ ਦੀ ਇੰਡੀਆ ਰਹਿੰਦੀ ਸੋਹਣੀ ਸੁਨੱਖੀ ਲੜਕੀ ਜਨਮ 1987,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਐਮ ਸੀ ਏ ,ਆਈ ਟੀ ਕੰਪਨੀ ਵਿੱਚ ਸੋਫਟਵੇਅਰ ਡਿਵੈਲਪਰ ਦੀ ਜੌਬ ਕਰਦੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਪਿਤਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਿਲਾ ਅਦਾਲਤ ਵਿੱਚ ਵਕਾਲਤ ਕਰਦੇ ਹਨ। ਸੰਪਰਕ: 403 472 7764 ਜਾਂ 91 70097 18886 ***281***

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਜਨਮ 1999,ਕੱਦ 5 ਫੁੱਟ 7 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਿਸ ਲੜਕੀ ਦੀ ਫਾਈਲ ਲੱਗੀ ਹੋਵੇ ਉਹ ਵੀ ਸੰਪਰਕ ਕਰ ਸਕਦੀ ਹੈ। ਕਾਲ: 1 431 338 0570 ਜਾਂ ਵਟਸਐਪ 1 204 504 8723 ***280***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ , ਜੱਟ ਸਿੱਖ ਗਿੱਲ ਪਰਿਵਾਰ ਦੇ ਪੇਂਡੂ ਅਤੇ ਸ਼ਹਿਰੀ ਜਾਇਦਾਦ ਦੇ ਮਾਲਕ, ਲੜਕੇ ਜਨਮ 1993,ਕੱਦ 6 ਫੁੱਟ 2 ਇੰਚ, ਐਡਮਿੰਟਨ ਵਿਖੇ ਪਾਵਰ ਇੰਜੀਨੀਅਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਪੜ੍ਹੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ: 1 780 938 3520,1587 982 7034 ਜਾਂ ਵਟਸਐਪ : 011 91 8728805202 ***276***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***280 rao***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਲੜਕੀ ਜਨਮ 1992, ਕੱਦ 5 ਫੁੱਟ 3 ਇੰਚ, ਬੀਏ ਪੜ੍ਹੀ ਲਿਖੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਵਿਜਟਿਰ ਵੀਜਾ, ਵਰਕ ਪਰਮਿਟ ਜਾਂ ਸਟੂਡੈਂਟ ਵੀਜਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 1 825 333 6923 ਜਾਂ ਵਟਸਐਪ ਕਾਲ: 91-99150 98334 ***279***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਸਰੀ ਰਹਿੰਦੇ ਗਿੱਲ ਪਰਿਵਾਰ ਦੀ ਇਕਲੌਤੀ ਲੜਕੀ, ਜਨਮ 1992, ਕੱਦ 164 ਸੈਂਟੀਮੀਟਰ, ਬੀ ਟੈੱਕ ਇਨ ਇਲੈਕਟਰੀਕਲ ਇੰਜੀਨੀਅਰਿੰਗ,ਲਈ ਗੁਰਸਿੱਖ ਵਿਚਾਰਾਂ ਵਾਲੀ ਪੜ੍ਹੀਲਿਖੀ ਬੀ ਸੀ ਵਿੱਚ ਰਹਿੰਦੀ ਫੈਮਿਲੀ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 236 458 2228, E Mail: kimgillcanada@gmail.com ***279***

### ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈਂਟਲ ਹਨ ਜੋ ਕਿ ਲੜਕੇ ਨੂੰ ਸੈਂਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

### ਲੜਕੀ ਦੀ ਲੋੜ

Hindu Punjabi khatri boy Jan 1985 born, height 5.7 living in Vancouver upper middle class family, B. Tech/MBA, now self employed in logistics, Canadian citizen looking for a beautiful, educated girl within Canada. Tourist, work permit, PR or citizen. +13065026789 ***279***

### ਲੜਕੀ ਦੀ ਲੋੜ

Ramgarhia parents seeking a girl for their Canadian born and raised 26 years old son who is professionally qualified and working as an engineer for a reputable company. He is non drinker and 6' 2" tall. Girl must be Canadian born and raised and professionally qualified. Cast no bar. May consider citizen or PR. Contact: 1587-783-2518, 1 780-554-3591, E Mail: gagan_8.4@hotmail.com ***279***

### ਲੜਕੀ/ਲੜਕੇ ਦੀ ਲੋੜ

ਕੈਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਹੰਸਰਾ ਪਰਿਵਾਰ ਦੇ ਲੜਕੇ ਉਮਰ 26 ਸਾਲ ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ:+12, ਮੈਡੀਕਲ ਕੰਪਿਊਟਿਰ ਐਪਲੀਕੇਸਨ ਕੋਰਸ, ਆਫਿਸ ਐਡਮਨਿਸਟਰੇਸ਼ਨ-ਐਗਜੈਕਟਿਵ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਉਮਰ 28 ਸਾਲ, ਕੱਦ 5 ਫੁੱਟ 2 ਇੰਚ,ਜੋ ਕਨੇਡੀਅਨ ਪੀ ਆਰ ਹੈ,ਲਈ ਵੀ ਕਨੇਡਾ ਤੋਂ ਪੜ੍ਹੇਲਿਖੇ ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 923 3560 ਜਾਂ 1 204 512 3333 ***278***

### ਲੜਕੀ ਦੀ ਲੋੜ

A handsome boy born in 1989, height 5 feet 11 inches, Bachelor of Science from the University of Toronto• Master of Science in Epidemiology and Biostatistics from the University of Western Ontario Profession: Sales Manager and Real Estate Agent Currently living in Calgary, Canada from a Jat Sikh family, needs a bride girl with good marital status. Contact: 1 416 709 4900, 1 647 740 9825 ***278***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ,ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 36 ਸਾਲ, 5 ਫੁੱਟ 11 ਇੰਚ,ਕੈਮਿਕਲ ਇੰਜੀਨੀਅਰ,ਲਈ ਹਾਣ ਪਰਵਾਣ ਦੀ ਯੋਗਤਾ ਵਾਲੀ ਕੈਨੇਡੀਅਨ ਜੰਮਪਲ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ : 1 403 399 2690 ***278***

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 25,ਕੱਦ 6 ਫੁੱਟ ਵਿਦਿਅਕ ਯੋਗਤਾ ਪਲੱਸ 2 ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: +1 (780) 267-2921 **277**

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਮੱਲੀ ਪਰਿਵਾਰ ਦੇ ਲੜਕੇ ਉਮਰ 27 ਸਾਲ, ਕੱਦ 6 ਫੁੱਟ, ਮਕੈਨੀਕਲ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜ ਿਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1587 917 5166 ***277***

### ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 403 975 8441 ***277***

### ਲੜਕੇ ਦੀ ਲੋੜ

ਕੈਨੇਡੀਅਨ ਸਿਟੀਜ਼ਨ,ਜੱਟ ਸਿੱਖ ਪਰਿਵਾਰ ਦੀ ਲੜਕੀ,ਜਨਮ 1996,ਕੱਦ 5 ਫੁੱਟ 6 ਇੰਚ,ਵਿੱਦਿਅਕ ਯੋਗਤਾ: ਐਸੋਸੀਏਟ ਡਿਗਰੀ ਇਨ ਕੰਪਿਊਟਰ ਸਾਇੰਸ,ਹੁਣ ਸਟੋਰ ਮੈਨੇਜਰ ਦੀ ਜੌਬ ਕਰਦੀ ਲਈ, ਹਾਣ ਪ੍ਰਵਾਣ ਦੀ ਯੋਗਤਾ ਵਾਲੇ ਵੈੱਲ ਸੈਟਲਡ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 852 2852 ***277***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਅਣਮੈਰਿਡ ਸੋਹਣੀ ਸੁਨੱਖੀ ਲੜਕੀ,ਉਮਰ 42 ਸਾਲ, ਕੱਦ 5 ਫੁੱਟ 3 ਇੰਚ, ਚੰਗੀ ਤਨਖਾਹ ਉੱਪਰ ਸਰਕਾਰੀ ਜੌਬ ਕਰਦੀ ਲਈ,ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ਵੀਜਾ ਜਾਂ ਵਰਕ ਪਰਮਿਟ ਵਾਲੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਿਆਹ ਤੋਂ ਬਾਦ ਲੜਕਾ ਐਡਮਿੰਟਨ ਰਹਿਣ ਲਈ ਤਿਆਰ ਹੋਵੇ। ਤਸਵੀਰਾਂ ਅਤੇ ਬਾਇਓਡਾਟਾ -1 780 982 0336 ਉੱਪਰ ਵਟਸਐਪ ਭੇਜ ਸਕਦੇ ਹੋ। ***276***

### ਲੜਕੀ ਦੀ ਲੋੜ

Jat Sikh Bhullar family seeking a suitable match for their son who is a turban wearer non drinker, convent educated from Dalhousie and diploma in hospitality from Australia. 31-year-old, 5'-11" who is living in Australia since 2015. He owns 16 acres of farmland and a new flat in new Chandigarh. He has come to visit his Nanka family in Calgary and seeking a suitable PR or Canadian citizen girl. Please call or text: 1 587 436 5229 ***276***

### ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਕੈਨੇਡਾ ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਲੜਕੇ,ਜਨਮ 1991, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 236 234 0315 ਜਾਂ ਈ ਮੇਲ: harpdhaliwal408 @icloud.com ***276***

### ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***_***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000

### ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।

ਸੰਪਰਕ 1 780 300 2000 (ਵਟਸਐਪ): 9583592000

### NAME CHANGE

I, JASLEEN KAUR daughter of HARJINDER SINGH , holder of Indian Passport No.# T 5039310 ,issued CHANDIGARH, on 25/04/2019, permanent resident of H.N: 260 DIGOH,FATEHABAD, PIN: 125106,HARYANA,INDIA and presently residing at 521-10 CITYSIDE RD NE, CALGARY (AB) T3N2A1, CANADA, do hereby change my name from JASLEEN KAUR to JASLYN KAUR BHANDAL, with immediate effect.

Date : 14/09/2025 Cont.: 1 403 483 3484

### ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ

ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।

ਸੰਪਰਕ : 587 329 7202

### Need Office Administrator

We need Office administrator person for our Calgary Office. who speaks good English, must have driver license, good wages,we will give training also!


Contact : Kam Khamba @403-975-0128

## ਹੜ੍ਹਾਂ ਦੀ ਮਾਰ : ਹਰੇਕ ਛੇਵਾਂ ਮਰੀਜ਼ ਚਮੜੀ ਰੋਗ ਤੋਂ ਪੀੜਤ-ਭਗਵੰਤ ਮਾਨ

ਤਰਨ ਤਾਰਨ (ਪੰਜਾਬੀ ਅਖਬਾਰ ਬਿਊਰੋ) -ਪੰਜਾਬ ਦੇ ਹੜ੍ਹਾਂ ਦੀ ਮਾਰ 'ਚ ਆਏ ਪਿੰਡਾਂ 'ਚ ਹੁਣ ਹਰ ਛੇਵਾਂ ਮਰੀਜ਼ ਚਮੜੀ ਦੇ ਰੋਗ ਤੋਂ ਪੀੜਤ ਹੈ। ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਖ਼ਿੱਤਿਆਂ 'ਚ ਲਗਾਏ ਵਿਸ਼ੇਸ਼ ਮੈਡੀਕਲ ਰਾਹਤ ਕੈਂਪਾਂ 'ਚ ਪੁੱਜੇ ਮਰੀਜ਼ਾਂ ਦੇ ਪਹਿਲੇ ਤਿੰਨ ਦਿਨਾਂ ਦੇ ਰੁਝਾਨ ਤੋਂ ਇਹ ਤੱਥ ਉੱਭਰੇ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਰੁਝਾਨ ਦੇ ਮੱਦੇਨਜ਼ਰ ਸਿਹਤ ਵਿਭਾਗ ਨੂੰ ਵਿਸ਼ੇਸ਼ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ।ਉਨ੍ਹਾਂ ਨੇ ਹੜ੍ਹਾਂ ਵਾਲੇ ਖੇਤਰਾਂ 'ਚ ਬਿਮਾਰੀਆਂ ਨਾਲ ਨਜਿੱਠਣ ਵਾਸਤੇ ਉੱਚ ਅਫ਼ਸਰਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਵੀ ਜਾਰੀ ਰੱਖਿਆ ਸੀ। ਵੇਰਵਿਆਂ ਅਨੁਸਾਰ ਪੰਜਾਬ ਦੇ 2101 ਪਿੰਡਾਂ ਨੂੰ ਵਿਸ਼ੇਸ਼ ਮੈਡੀਕਲ ਕੈਂਪਾਂ ਨਾਲ ਕਵਰ ਕੀਤਾ ਗਿਆ ਹੈ। ਜਦੋਂ ਹੁਣ ਪਿੰਡਾਂ ਵਿਚ ਹੜ੍ਹਾਂ ਦਾ ਪਾਣੀ ਉੱਤਰਿਆ ਹੈ ਤਾਂ ਲੋਕ ਇਨ੍ਹਾਂ ਕੈਂਪਾਂ 'ਚ ਜਾਂਚ ਲਈ ਆਉਣ ਲੱਗੇ ਹਨ। ਤਿੰਨ ਦਿਨਾਂ ਦੌਰਾਨ ਹੜ੍ਹ ਪ੍ਰਭਾਵਿਤ ਪਿੰਡਾਂ ਦੇ 1,42,395 ਮਰੀਜ਼ਾਂ ਦੀ ਜਾਂਚ ਕੀਤੀ ਗਈ ਹੈ ਜਿਸ ਚੋਂ ਸਭ ਤੋਂ ਵੱਧ ਚਮੜੀ ਰੋਗ ਤੋਂ ਪੀੜਤ ਮਰੀਜ਼ ਸਾਹਮਣੇ ਹਨ। ਅੰਕੜੇ ਅਨੁਸਾਰ ਤਿੰਨ ਦਿਨਾਂ ਦੌਰਾਨ 22,118 ਮਰੀਜ਼ ਚਮੜੀ ਦੇ ਰੋਗ ਤੋਂ ਪੀੜਤ ਪਾਏ ਗਏ।ਸਭ ਤੋਂ ਵੱਧ ਚਮੜੀ ਦੇ ਰੋਗ ਦੇ ਮਰੀਜ਼ ਸਾਹਮਣੇ ਆਏ ਹਨ ਅਤੇ ਇਸ ਰੁਝਾਨ ਨੂੰ ਦੇਖਦਿਆਂ ਸਿਹਤ ਵਿਭਾਗ ਨੇ ਦਵਾਈਆਂ ਦਾ ਸਟਾਕ ਵਧਾ ਦਿੱਤਾ ਹੈ। ਦੂਸਰੇ ਨੰਬਰ 'ਤੇ ਬੁਖ਼ਾਰ ਦੇ ਕੇਸ ਉੱਭਰੇ ਹਨ। ਤਿੰਨ ਦਿਨਾਂ 'ਚ ਬੁਖ਼ਾਰ ਵਾਲੇ 19,187 ਮਰੀਜ਼ਾਂ ਦਾ ਪਤਾ ਲੱਗਿਆ ਹੈ। ਇਸੇ ਤਰ੍ਹਾਂ ਦਸਤ ਤੇ ਡਾਇਰੀਆ ਤੋਂ ਪੀੜਤ 4544 ਮਰੀਜ਼ ਸਾਹਮਣੇ ਆਏ ਹਨ। ਅੱਖਾਂ ਦੀ ਇਨਫੈਕਸ਼ਨ ਕਾਫ਼ੀ ਵਧੀ ਹੈ ਜਿਸ ਦੇ ਵਜੋਂ 10,304 ਮਰੀਜ਼ ਅੱਖਾਂ ਦੀ ਇਨਫੈਕਸ਼ਨ ਤੋਂ ਪੀੜਤ ਮਿਲੇ ਹਨ।ਦੇਖਿਆ ਜਾਵੇ ਤਾਂ ਕੁੱਲ 1.42 ਲੱਖ ਮਰੀਜ਼ਾਂ ਚੋਂ ਸਭ ਤੋਂ ਵੱਧ ਬੁਖ਼ਾਰ ਤੇ ਚਮੜੀ ਰੋਗ ਦੇ 41,305 ਮਰੀਜ਼ ਸ਼ਨਾਖ਼ਤ ਹੋਏ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਰੁਝਾਨ ਦੇ ਸਾਹਮਣੇ ਆਉਣ ਮਗਰੋਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜਦੋਂ ਵੀ ਬੁਖ਼ਾਰ, ਚਮੜੀ ਜਾਂ ਕਿਸੇ ਵੀ ਤਰ੍ਹਾਂ ਦੀ ਬਿਮਾਰੀ ਦੇ ਲੱਛਣ ਦਿਖਾਈ ਦੇਣ ਤਾਂ ਫ਼ੌਰੀ ਪੰਜਾਬ ਸਰਕਾਰ ਵੱਲੋਂ ਸਥਾਪਿਤ ਕੀਤੇ ਮੈਡੀਕਲ ਰਾਹਤ ਕੈਂਪਾਂ 'ਚ ਪਹੁੰਚ ਕੇ ਜਾਂਚ ਕਰਾਈ ਜਾਵੇ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਬਿਮਾਰੀ ਦੇ ਫੈਲਾਓ ਨੂੰ ਰੋਕਿਆ ਜਾ ਸਕੇ।

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ

(ਮਾਰਚ ਤੋਂ ਦਸੰਬਰ ਤੱਕ ਚਲੇਗਾ)

ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ

ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ

ਰਹਿਣ ਦਾ ਪੂਰਾ ਪਰਬੰਧ ਹੈ

ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ

ਕਾਲ ਕਰੋ:

1 250 319 7263

Advice from someone you trust.

Sun Life

Life's brighter under the sun

Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds




Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.





# ਦਿਲ ਮਰ ਜਾਣੇ ਨੂੰ ਕੀ ਹੋਇਆ ਸੱਜਣਾ-1

-ਬਰੀ ਨਿਜ਼ਾਮੀ




ਜਿਵੇਂ ਭਾਰਤ ਵਿੱਚ ਸੰਗੀਤ ਕਾਰੋਬਾਰ ਦੇ ਖੇਤਰ ਵਿੱਚ ਗੁਲਸ਼ਨ ਕੁਮਾਰ ਅਤੇ ਉਸਦੀ ਕੰਪਨੀ ਟੀ ਸੀਰੀਜ਼ ਦਾ ਵੱਡਾ ਨਾਮ ਹੈ ਇਸੇ ਤਰ੍ਹਾਂ ਪਾਕਿਸਤਾਨ ਵਿੱਚ ਫੈਸਲਾਬਾਦ ਵਿਖੇ ਚੌਧਰੀ ਰਹਿਮਤ ਅਲੀ ਅਤੇ ਉਸਦੀ ਕੰਪਨੀ ਰਹਿਮਤ ਗ੍ਰਾਮੋਫੋਨ ਹਾਊਸ (ਆਰ.ਜੀ.ਐਚ.) ਦਾ ਵੀ ਕਾਫੀ ਵੱਡਾ ਨਾਮ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ ਦੁਨੀਆਂ ਭਰ ਵਿੱਚ ਨਾਮਣਾ ਖੱਟਣ ਵਾਲੇ ਪਾਕਿਸਤਾਨੀ ਪੰਜਾਬੀ ਗਾਇਕ ਨੁਸਰਤ ਫ਼ਤਿਹ ਅਲੀ ਖ਼ਾਨ, ਅਤਾਉੱਲਾ ਖਾਨ, ਅਜ਼ੀਜ਼ ਮੀਆਂ ਕਵਾਲ, ਅੱਲਾ ਦਿੱਤਾ ਲੂਣੇ ਵਾਲਾ ਅਤੇ ਮਨਸੂਰ ਮਲੰਗੀ ਪਹਿਲੀ ਵਾਰ ਚੌਧਰੀ ਰਹਿਮਤ ਅਲੀ ਨੇ ਹੀ ਆਪਣੀ ਰਿਕਾਰਡਿੰਗ ਕੰਪਨੀ (ਆਰ.ਜੀ.ਐਚ) ਰਾਹੀਂ ਰਿਕਾਰਡ ਕਰਕੇ ਲੋਕਾਂ ਦੇ ਸਨਮੁੱਖ ਕੀਤੇ ਸਨ।ਚੌਧਰੀ ਰਹਿਮਤ ਅਲੀ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ।ਸੰਤਾਲੀ ਦੀ ਵੰਡ ਵੇਲੇ ਉਹ ਫੈਸਲਾਬਾਦ ਚਲੇ ਗਏ। ਫੈਸਲਾਬਾਦ ਜਾਕੇ ਰਹਿਮਤ ਅਲੀ ਨੇ ਰਿਕਾਰਡਾਂ ਦੀ ਦੁਕਾਨ ਖੋਲ੍ਹੀ। ਉਸ ਵੇਲੇ ਗ੍ਰਾਮੋਫੋਨ ਰਿਕਾਰਡਾਂ ਦਾ ਯੁੱਗ ਸੀ। ਰਹਿਮਤ ਅਲੀ ਨੇ ਆਪਣੀ ਦੁਕਾਨ ਦਾ ਨਾਮ ਰਹਿਮਤ ਗ੍ਰਾਮੋਫੋਨ ਹਾਊਸ (l.Ø.·.) ਰੱਖ ਲਿਆ। ਹੌਲੀ ਹੌਲੀ ਉਹਨਾਂ ਦਾ ਇਹ ਕਾਰੋਬਾਰ ਵਧਦਾ ਗਿਆ। ਉਨ੍ਹਾਂ ਅਨੇਕਾਂ ਕਲਾਕਾਰਾਂ ਨੂੰ ਲੋਕਾਂ ਦੇ ਸਨਮੁੱਖ ਕੀਤਾ।ਯਾਦ ਰਹੇ ਫੈਸਲਾਬਾਦ ਦਾ ਪਹਿਲਾ ਨਾਮ ਲਾਇਲਪੁਰ ਸੀ। ਲਾਇਲਪੁਰ ਦਾ ਨਾਮ ਜੇਮਸ ਬਰਾਡਵੁੱਡ ਲਾਇਲ ਦੇ ਨਾਮ ਤੇ ਰੱਖਿਆ ਗਿਆ ਸੀ। ਸੰਨ 1977 ਵਿੱਚ ਪਾਕਿਸਤਾਨ ਸਰਕਾਰ ਨੇ ਲਾਇਲਪੁਰ ਦਾ ਨਾਮ ਬਦਲ ਕੇ ਫੈਸਲਾਬਾਦ ਰੱਖ ਦਿੱਤਾ। ਫੈਸਲਾਬਾਦ ਪਾਕਿਸਤਾਨ ਦਾ ਪ੍ਰਮੁੱਖ ਉਦਯੋਗਿਕ ਕੇਂਦਰ ਹੈ ਅਤੇ
ਪਾਕਿਸਤਾਨੀ ਪੰਜਾਬ ਦਾ ਲਾਹੌਰ ਤੋਂ ਬਾਅਦ ਦੂਸਰਾ ਵੱਡਾ ਸ਼ਹਿਰ ਹੈ। ਉਦਯੋਗਿਕ ਸ਼ਹਿਰ ਹੋਣ ਕਰਕੇ ਪਾਕਿਸਤਾਨ ਦੇ ਛੋਟੇ ਕਸਬਿਆਂ ਅਤੇ ਪਿੰਡਾਂ ਦੇ ਲੋਕ ਵੀ ਰੁਜ਼ਗਾਰ ਲਈ ਇੱਥੇ ਆਕੇ ਵਸੇ ਹੋਏ ਹਨ। ਸ਼ਾਇਰ ਬਰੀ ਨਿਜ਼ਾਮੀ ਵੀ ਰੁਜ਼ਗਾਰ ਦੀ ਤਲਾਸ਼ ਵਿੱਚ ਟੋਬਾ ਟੇਕ ਸਿੰਘ ਤੋਂ ਆਕੇ ਫੈਸਲਾਬਾਦ ਵਿੱਚ ਹੀ ਵਸ ਗਿਆ ਸੀ। ਇੱਥੇ ਇਹ ਵੀ ਵਰਨਣਯੋਗ ਹੈ ਕਿ 1948 ਵਿੱਚ ਨੁਸਰਤ ਫ਼ਤਿਹ ਅਲੀ
ਖ਼ਾਨ ਦਾ ਜਨਮ ਵੀ ਫੈਸਲਾਬਾਦ ਵਿੱਚ ਹੀ ਹੋਇਆ ਸੀ। ਇੱਕੋ ਸ਼ਹਿਰ ਅਤੇ ਗੀਤ ਸੰਗੀਤ ਦੀ ਸਾਂਝ ਹੋਣ ਕਰਕੇ ਨੁਸਰਤ ਫ਼ਤਿਹ ਅਲੀ ਖ਼ਾਨ ਅਤੇ ਚੌਧਰੀ ਰਹਿਮਤ ਅਲੀ ਦੀ ਨਜ਼ਦੀਕੀ, ਦੋਸਤੀ ਵਿੱਚ ਬਦਲ ਗਈ ਅਤੇ ਇੱਕ ਸ਼ਾਇਰ ਹੋਣ ਕਰਕੇ ਰਹਿਮਤ ਅਲੀ ਦੀ ਨਜ਼ਦੀਕੀ ਬਰੀ ਨਿਜ਼ਾਮੀ ਨਾਲ ਵੀ ਬਹੁਤ ਹੋ ਗਈ ਸੀ। ਇੱਕ ਸ਼ਾਇਰ, ਇੱਕ ਗਾਇੱਕ, ਇੱਕ ਨਿਰਮਾਤਾ ਤਿੰਨਾਂ ਦੀ ਤ੍ਰਿਵੈਣੀ ਇੱਕੱਠੀ ਹੋ ਗਈ। ਨੁਸਰਤ ਫ਼ਤਿਹ ਅਲੀ ਖ਼ਾਨ ਨੇ ਆਪਣੀ ਗਾਇਕੀ ਦਾ ਆਗਾਜ਼ ਆਰ.ਜੀ. ਐਚ. ਕੰਪਨੀ ਦੇ ਮਾਧਿਅਮ ਰਾਹੀਂ ਆਪਣੀ ਰਵਾਇਤੀ ਕਵਾਲੀ ਤੋਂ ਹੀ ਕੀਤਾ।
ਬਰੀ ਨਿਜ਼ਾਮੀ ਬਰੀ ਨਿਜ਼ਾਮੀ ਦਾ ਨਾਮ ਮਾਪਿਆਂ ਨੇ ਸ਼ੇਖ ਮੁਹੰਮਦ ਸਘੀਰ ਰੱਖਿਆ ਸੀ। ਪਰ ਬਾਅਦ ਵਿੱਚ ਆਪਣੇ ਕਿਸੇ ਪਿਆਰੇ ਦੀ ਯਾਦ ਵਿੱਚ ਉਸ ਨੇ ਬਰੀ ਨਾਮ ਅਪਣਾਇਆ। ਨਿਜ਼ਾਮੀ ਪਿੱਛੇ ਇਸ ਕਰਕੇ ਲਾ ਲਿਆ ਕਿ ਉਹ ਹਜ਼ਰਤ ਨਿਜ਼ਾਮੂ ਦੀਨ ਔਲੀਏ ਦਾ ਚੇਲਾ ਸੀ। ਇਸ ਤਰ੍ਹਾਂ ਉਹ ਮੁਹੰਮਦ ਸਘੀਰ ਤੋਂ ਬਰੀ ਨਿਜ਼ਾਮੀ ਬਣ ਗਿਆ। ਉਸ ਦਾ ਜਨਮ ਸ਼ੇਖ ਪ੍ਰੀਵਾਰ ਵਿੱਚ ਪਿਤਾ ਸ਼ੇਖ਼ ਗੁਲਾਮ ਮੁਹੰਮਦ ਦੇ ਘਰ ਫੈਸਲਾਬਾਦ ਤੋਂ ਪੰਜਾਹ ਕਿਲੋਮੀਟਰ ਦੂਰ ਟੋਭਾ ਟੇਕ ਸਿੰਘ ਦੇ ਨਜ਼ਦੀਕ ਕਪਾਹ ਦੀ ਮੰਡੀ ਗੋਜਰਾ ਵਿੱਚ 26 ਦਿਸੰਬਰ 1946 ਨੂੰ ਹੋਇਆ। ਉਸ ਨੇ ਗੋਜਰਾ ਹਾਈ ਸਕੂਲ ਤੋਂ ਮੈਟ੍ਰਿਕ ਤੱਕ ਦੀ ਪੜ੍ਹਾਈ ਕੀਤੀ। ਅੱਗੇ ਪੜ੍ਹਾਈ ਜਾਰੀ ਰੱਖਣ ਲਈ ਉਸਦੀਆਂ ਘਰੇਲੂ ਆਰਥਿਕ ਪ੍ਰਸਥਿਤੀਆਂ ਅਨੁਕੂਲ ਨਹੀਂ ਸਨ। ਸਕੂਲੋਂ ਹਟਨ ਉਪਰੰਤ ਉਸ ਨੇ ਚੀਚਾਵਤਨੀ (ਨਜ਼ਦੀਕ ਸਾਹੀਵਾਲ) ਵਿਖੇ ਇੱਕ ਕਪਾਹ ਦੀ ਮਿੱਲ ਵਿੱਚ ਮੁਨਸ਼ੀ ਦੀ ਨੌਕਰੀ ਕੀਤੀ। ਕੁੱਝ ਸਮੇਂ ਬਾਅਦ ਫੈਸਲਾਬਾਦ ਜਾਕੇ ਬੱਸ ਕੰਡਕਟਰ ਵੱਜੋਂ ਨੌਕਰੀ ਕਰ ਲਈ। ਸ਼ਾਇਰੀ ਦਾ ਸ਼ੌਕ ਉਸਨੂੰ ਧੁਰ ਅੰਦਰੋਂ ਹੀ ਸੀ।
ਇਲਾਕੇ ਦੇ ਪ੍ਰਸਿੱਧ ਕਵੀਆਂ ਨਾਲ ਉਸ ਦੀ ਸੰਗਤ ਹੋ ਗਈ। ਸੰਨ 1970 ਦੀਆਂ ਚੋਣਾਂ ਵੇਲੇ ਉਹ ਪਾਕਿਸਤਾਨ ਪੀਪਲਜ਼ ਪਾਰਟੀ ਦੇ ਮੁਖੀ ਜ਼ੁਲਫਕਾਰ ਅਲੀ ਭੁੱਟੋ ਦੇ ਨਾਅਰੇ ਰੋਟੀ ਕੱਪੜਾ ਤੇ ਮਕਾਨ ਤੋਂ ਪ੍ਰਭਾਵਿਤ ਹੋ ਕੇ ਪੀ.ਪੀ.ਪੀ. ਦਾ ਸਰਗਰਮ ਮੈਂਬਰ ਬਣ ਗਿਆ। ਸਿਆਸੀ ਸਟੇਜਾਂ ’ਤੇ ਆਪਣੀਆਂ ਕਵਿਤਾਵਾਂ ਤੇ ਤਕਰੀਰਾਂ ਨਾਲ
ਲੋਕਾਂ ਨੂੰ ਲਾਮਬੰਦ ਕਰਨ ਲੱਗ ਪਿਆ। ਭੁੱਟੋ ਦੀ ਸਰਕਾਰ ਬਣਨ ’ਤੇ ਸਰਕਾਰ ਦੀ ਕਾਰਜ ਸ਼ੈਲੀ ਤੋਂ ਉਕਤਾ ਗਿਆ। ਸਰਕਾਰ ਵਿਰੁੱਧ ਬਾਗੀ ਸੁਰਾਂ ਅਖਤਿਆਰ ਕਰਨ ਲੱਗ ਪਿਆ। ਮੁਖਤਾਰ ਰਾਣਾ ਦੀ ਅਗਵਾਈ ਵਾਲੇ ਪੀ.ਪੀ.ਪੀ. ਬਾਗੀ ਗਰੁੱਪ ਨਾਲ ਜੁੜ ਗਿਆ। ਸਰਕਾਰ ਨੇ ਬਰੀ ਨਿਜ਼ਾਮੀ ਵਿਰੁੱਧ ਮੁਕੱਦਮਾ ਕਰਕੇ ਕੇਸ ਦਰਜ ਕਰ ਦਿੱਤਾ। ਇਸ ਤਰ੍ਹਾਂ ਬਰੀ ਤੇ ਇੱਕ ਤੋਂ ਬਾਅਦ ਇੱਕ ਮੁਕੱਦਮੇ ਦਰਜ ਹੁੰਦੇ ਰਹੇ। ਇਹ ਮੁਕੱਦਮੇ ਬਰੀ ਦੀਆਂ ਬਾਗੀ ਸੁਰਾਂ
ਨੂੰ ਨੱਪ ਨਹੀਂ ਸਕੇ। ਭਾਵੇਂ 1978 ਵਿੱਚ ਭੁੱਟੋ ਦੀ ਥਾਂ ਪਾਕਿਸਤਾਨ ਦੇ ਤਖਤ ਤੇ ਜਿਆ ਉਲ ਹੱਕ ਬੈਠ ਗਏ ਪਰ ਬਰੀ ਨਿਜ਼ਾਮੀ ਨੂੰ ਇਸ ਨਾਲ ਕੋਈ ਫਰਕ ਨਹੀਂ ਪਿਆ। ਉਸਦੇ ਬਾਗੀ ਤੇਵਰ ਉਸੇ ਤਰ੍ਹਾਂ ਹੀ ਰਹੇ। ਸਰਕਾਰਾਂ ਬਦਲਦੀਆਂ ਗਈਆਂ। ਜ਼ੁਲਫਕਾਰ ਅਲੀ ਭੁੱਟੋ ਦੀ ਸਰਕਾਰ ਵੇਲੇ ਬਰੀ ਨਿਜ਼ਾਮੀ ’ਤੇ 7 ਕੇਸ ਦਰਜ ਹੋਏ। ਜਿਆ ਉਲ ਹੱਕ ਦੀ ਸਰਕਾਰ ਵੇਲੇ 11 ਅਤੇ ਬੇਨਜ਼ੀਰ ਭੁੱਟੋ ਦੀ ਸਰਕਾਰ ਵੇਲੇ ਬਰੀ ਨਿਜ਼ਾਮੀ ਤੇ 6 ਕੇਸ ਦਰਜ ਕੀਤੇ ਗਏ ਕਿਉਂਕਿ ਉਹ ਸਰਕਾਰ ਦੀ ਬੋਲੀ ਬੋਲਣ ਵਾਲਾ ਸ਼ਾਇਰ ਨਹੀਂ ਸੀ। ਬਰੀ ਨਿਜ਼ਾਮੀ ਲੋਕਾਂ ਦਾ ਸ਼ਾਇਰ ਸੀ। ਭਾਵੇਂ ਬਰੀ ਨੱਬਵਿਆਂ ’ਚ ਫੈਸਲਾਬਾਦ ਦੇ ਮੇਅਰ ਦੇ ਆਖਣ ਤੇ ਮੁਸਲਿਮ ਲੀਗ ਵਿੱਚ ਸ਼ਾਮਲ ਹੋ ਗਿਆ ਸੀ ਪਰ ਬਾਗੀਪਣੇ ਵਿੱਚ ਕੋਈ ਕਮੀ ਨਹੀਂ ਆਈ। ਇੱਕ ਆਰਥਿਕ ਮੰਦਹਾਲੀ ਤੇ ਦੂਸਰਾ ਬਾਗੀਪੁਣਾ। ਬਰੀ ਨਿਜ਼ਾਮੀ ਚੌਧਰੀ ਰਹਿਮਤ ਅਲੀ ਕੋਲ ਆਉਣ ਜਾਣ ਲੱਗ ਪਿਆ ਸੀ। ਰਹਿਮਤ ਅਲੀ ਇਸ ਤੋਂ ਪਹਿਲਾਂ ਨੁਸਰਤ ਫ਼ਤਿਹ ਅਲੀ ਖ਼ਾਨ ਤੇ ਸਾਥੀਆਂ ਦੀਆਂ ਆਵਾਜ਼ਾਂ ਵਿੱਚ ਕਵਾਲੀਆਂ ਦੀਆਂ ਕਈ ਕੈਸਿਟਾਂ ਰਿਕਾਰਡ ਕਰ ਚੁੱਕਿਆ ਸੀ। ਇੱਕ ਦਿਨ ਨੁਸਰਤ ਫ਼ਤਿਹ ਅਲੀ ਖ਼ਾਨ




ਤਾਂ ਰਹਿਮਤ ਅਲੀ ਦੇ ਸਟੂਡੀਓ ਪੁੱਜ ਗਿਆ। ਪਰ ਉਸਦੇ ਸਹਿ ਗਾਇਕ ਕਿਸੇ ਕਾਰਨ ਨਾ ਪੁੱਜ ਸਕੇ। ਚੌਧਰੀ ਰਹਿਮਤ ਨੇ ਨੁਸਰਤ ਫ਼ਤਿਹ ਅਲੀ ਨੂੰ ਰਾਇ ਦਿੱਤੀ ਕਿ ਅੱਜ ਤੁਹਾਡੀ ਸੋਲੋ ਰਿਕਾਰਡਿੰਗ ਕਰ ਲੈਂਦੇ ਹਾਂ। ਪਰ ਨੁਸਰਤ ਫ਼ਤਿਹ ਅਲੀ ਨੇ ਚੌਧਰੀ ਰਹਿਮਤ ਅਲੀ ਨੂੰ ਆਖਿਆ ਕਿ ਮੇਰੇ ਕੋਲ ਤਾਂ ਸੋਲੋ ਗੀਤਾਂ ਦਾ ਮੈਟਰ ਹੀ ਨਹੀਂ। ਤਾਂ ਚੌਧਰੀ ਸਾਹਿਬ ਨੇ ਨੁਸਰਤ ਫ਼ਤਿਹ ਅਲੀ ਨੂੰ ਆਖਿਆ ਕਿ ਮੇਰੇ ਕੋਲ ਇੱਕ ਸ਼ਾਇਰ ਬਰੀ ਨਿਜ਼ਾਮੀ ਆਉਂਦਾ ਐ ਇਸਦਾ ਮੈਟਰ ਵੇਖ ਲਵੋ। ਨੁਸਰਤ ਸਾਹਿਬ ਝੱਟ ਤਿਆਰ ਹੋ ਗਏ। ਨੁਸਰਤ ਫ਼ਤਿਹ ਅਲੀ ਖ਼ਾਨ ਦੀ ਆਵਾਜ਼ ਵਿੱਚ ਜੋ ਸਭ ਤੋਂ ਪਹਿਲੀ ਸੋਲੋ ਰਿਕਾਰਡਿੰਗ ਹੋਈ ਉਸ ਵਿੱਚੋਂ ਬਰੀ ਨਿਜ਼ਾਮੀ ਦਾ ਲਿਖਿਆ ਗੀਤ –

ਦਿਲ ਮਰ ਜਾਣੇ ਨੂੰ ਕੀ ਹੋਇਆ ਸੱਜਣਾ
ਕਦੇ ਵੀ ਨਾ ਅੱਜ ਜਿੰਨਾ ਰੋਇਆ ਸੱਜਣਾ
ਇਸ਼ਕ ਹੋਰਾਂ ਰਾਂਝੇ ਵੱਲ ਪਾਈਆਂ ਫੇਰੀਆਂ
ਪਿਆਰ ਜੀਹਨੇ ਕੀਤਾ ਉਹ ਰੋਇਆ ਸੱਜਣਾ
ਪਿਆਰ ਦੀਆਂ ਗੱਲਾਂ ਹੁਣ ਚੇਤੇ ਆਉਂਦੀਆਂ
ਸਿਖਰ ਦੁਪਹਿਰੇ ਬਰੀ ਸ਼ਾਮਾਂ ਪੈ ਗਈਆਂ
ਜ਼ੁਲਫਾਂ ਚ ਮੁੱਖ ਜਾ ਲੁਕੋਇਆ ਸੱਜਣਾ

ਬੱਚੇ ਬੱਚੇ ਦੀ ਜ਼ੁਬਾਨ ’ਤੇ ਚੜ੍ਹ ਗਿਆ। ਨੁਸਰਤ ਫ਼ਤਿਹ ਅਲੀ ਖ਼ਾਨ ਦਾ ਦਾਇਰਾ ਕਵਾਲੀ ਤੋਂ ਵੱਧ ਕੇ ਪੰਜਾਬੀ ਗੀਤਾਂ ਵੱਲ ਵਧੇਰੇ ਹੋ ਗਿਆ। ਮੂਲ ਰੂਪ ਵਿੱਚ ਬਰੀ ਨਿਜ਼ਾਮੀ ਗ਼ਜ਼ਲ ਲੇਖਕ ਸੀ। ਇਸਤੋਂ ਬਾਅਦ ਬਰੀ ਨਿਜ਼ਾਮੀ ਦੇ ਲਿਖ ਅਨੇਕਾਂ ਹੀ ਗੀਤ ਨੁਸਰਤ ਫ਼ਤਿਹ ਅਲੀ ਖ਼ਾਨ ਸਾਹਿਬ ਦੀ ਆਵਾਜ਼ ਵਿੱਚ ਰਿਕਾਰਡ ਹੋਏ ਜੋ ਆਵਾਮ ਵਿੱਚ ਬਹੁਤ ਮਕਬੂਲ ਹੋਏ ਜਿਹਨਾਂ ਵਿੱਚ ਹੋ ਜਾਵੇ

ਜੇ ਪਿਆਰ ਤੇ ਸੌਣਾ ਭੁੱਲ ਜਾਂਦਾ
ਕੀਤੇ ਹੋਣ ਕਰਾਰ ਤੇ ਸੌਣਾ ਭੁੱਲ ਜਾਂਦਾ।
ਹੋ ਜਾਵੇ ਜੇ ਪਿਆਰ ਸੌਣਾ ਭੁੱਲ ਜਾਂਦਾ
ਸੋਚਾਂ ਦੇ ਵਿੱਚ ਦਿਨ ਤੇ ਰਾਤਾਂ ਲੱਘਦੀਆਂ ਨੇ
ਯਾਦਾਂ ਮੁੜ ਮੁੜ ਬਰੀ ਦਿਲ ਨੂੰ ਡੱਗਦੀਆਂ ਨੇ
ਛਿੜ ਪਏ ਜੇ ਤਕਰਾਰ ਤੇ ਸੌਣਾ ਭੁੱਲ ਜਾਂਦਾ

ਕਵਾਲੀ, ਗੀਤਾਂ ਦੇ ਨਾਲ ਨਾਲ ਨੁਸਰਤ ਫ਼ਤਿਹ ਅਲੀ ਖ਼ਾਨ ਦੀ ਆਵਾਜ਼ ਵਿੱਚ ਬਰੀ ਨਿਜ਼ਾਮੀ ਦੀਆਂ ਲਿਖੀਆਂ ਗ਼ਜ਼ਲਾਂ ਵੀ ਰਿਕਾਰਡ ਹੋਈਆਂ। ਇਹਨਾਂ ਗ਼ਜ਼ਲਾਂ ਦੀ ਛਨਕਾਰ ਹੱਦਾਂ ਸਰਹੱਦਾਂ ਟੱਪ ਗਈ ਜਿਵੇਂ –

ਮੈਖ਼ਾਨੇ ਅਨਭੋਲ ਗਿਆ ਵਾਂ
ਦੋ ਘੁੱਟ ਪੀਤੀ ਡੋਲ ਗਿਆ ਵਾਂ
ਮਾਫ ਕਰੀਂ ਮੈਂ ਵਿੱਚ ਨਸ਼ੇ ਦੇ
ਖੌਰੇ ਕੀ ਕੀ ਬੋਲ ਗਿਆ ਵਾਂ
ਆਪੇ ਆ ਗਈ ਮੈਂ ਵੱਲ ਬੋਤਲ
ਮੈਂ ਕਦ ਬੋਤਲ ਕੋਲ ਗਿਆ ਵਾਂ
ਪਿਆਰ ਨੀ ਲੱਭਿਆ ਵਿੱਚ ਕਿਤਾਬਾਂ
ਸਾਰੇ ਵਰਕੇ ਫੋਲ ਗਿਆ ਵਾਂ
ਦੁਨੀਆਂ ਦੇ ਸੁੱਖ ਸਾਰੇ ਮਹਿੱਗੇ
ਕੌੜੀ ਸ਼ੈਅ ਵਿੱਚ ਘੋਲ ਗਿਆ ਵਾਂ
ਵਿੱਚ ਨਸ਼ੇ ਦੇ ਬਰੀ ਨਿਜ਼ਾਮੀ
ਲੱਗਦਾ ਏ ਸੱਚ ਬੋਲ ਗਿਆ ਵਾਂ

ਇਸ ਤਰ੍ਹਾਂ ਇੱਥੇ ਬਰੀ ਨਿਜ਼ਾਮੀ ਦੀਆਂ ਅਨੇਕਾਂ ਗ਼ਜ਼ਲਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ ਪਰ ਜੋ ਮੈਨੂੰ ਬਹੁਤ ਜ਼ਿਆਦਾ ਪਸੰਦ ਹੈ ਉਹਨਾਂ ਵਿੱਚੋਂ ਬਰੀ ਨਿਜ਼ਾਮੀ ਦੀ ਅਜਿਹੀ ਇੱਕ ਹੋਰ ਗ਼ਜ਼ਲ ਪੜ੍ਹਿਓ।

ਵਿਗੜ ਗਈ ਏ ਥੋੜ੍ਹੇ ਦਿਨਾਂ ਤੋਂ
ਦੂਰੀ ਪਈ ਏ ਥੋੜ੍ਹੇ ਦਿਨਾਂ ਤੋਂ
ਤੇਰੇ ਹੁੱਦਿਆਂ ਪੀਂਦੇ ਨਹੀਂ ਸਾਂ
ਪੀਣੀ ਪਈ ਏ ਥੋੜ੍ਹੇ ਦਿਨਾਂ ਤੋਂ
ਚੱਨ ਜਿਹਾ ਮੁੱਖੜਾ ਨਜ਼ਰ ਨਹੀਂ ਆਉਂਦਾ
ਰੁੱਤ ਸੁਰਮਈ ਏ ਥੋੜ੍ਹੇ ਦਿਨਾਂ ਤੋਂ
ਸ਼ਾਮ ਸਵੇਰੇ ਆ ਜਾਂਦੇ ਸਨ
ਖ਼ਬਰ ਨਾ ਲਈ ਏ ਥੋੜ੍ਹੇ ਦਿਨਾਂ ਤੋਂ
ਦਿਲ ਮਰ ਜਾਣਾ ਹੁਣ ਤੱਕ ਡਰਦਾ
ਚੋਟ ਤੇ ਸਹੀ ਏ ਥੋੜ੍ਹੇ ਦਿਨਾਂ ਤੋਂ
ਸੁੱਖ ਸੁਨੇਹੜਾ ਕੋਈ ਨਹੀਂ ਆਉਂਦਾ
ਆਸ ਤੇ ਢਈ ਏ ਥੋੜ੍ਹੇ ਦਿਨਾਂ ਤੋਂ
ਇੱਕ ਦਿਨ ਬਰੀ ਹੱਲ ਹੋ ਜਾਣੀ
ਮੁਸ਼ਕਿਲ ਜਹੀ ਏ ਥੋੜ੍ਹੇ ਦਿਨਾਂ ਤੋਂ


ਚਲਦਾ,ਬਾਕੀ ਅਗਲੇ ਅੰਕ ਵਿੱਚ----




# ਚੋਰੀ ਚੋਰੀ ਅਮਰੂਦ ਖਾਣ ਨੂੰ ਸਾਡੀ ਭਾਸ਼ਾ ਵਿੱਚ ਡਾਕਾ ਕਹਿੰਦੇ ਸੀ



ਹੁਣ ਤੇ ਪੰਜਾਬ ਵਿੱਚ ਸਾਰੇ ਹੀ ਕੰਮ ਪਰਵਾਸੀਆਂ ਨੇ ਸਾਂਭ ਲਏ ਹਨ ਪਰ ਮੈਨੂੰ ਯਾਦ ਹੈ ਜਦੋਂ ਛੋਟੇ ਹੁੰਦੇ ਸਨ ਤੇ ਉਦੋਂ ਅਮਰੂਦਾਂ ਦੇ ਨਾਖਾਂ ਦੇ ਬੇਰੀਆਂ ਦੇ ਅੰਬਾਂ ਦੇ ਇਹ ਲੋਗਾਠਾਂ ਦੇ ਬਾਗ ਹੁੰਦੇ ਸੀ। ਉਨਾਂ ਬਾਗਾਂ ਦੇ ਰਾਖੇ ਵੀ ਹੁੰਦੇ ਸੀ। ਜਿਨਾਂ ਦੇ ਹੱਥਾਂ ਵਿੱਚ ਇੱਕ ਤੀਰ ਕਮਾਣ ਵਾਂਗ ਕਮਾਨ ਅਤੇ ਮਿੱਟੀ ਦੀਆਂ ਬਣਾਈਆਂ ਗੋਲੀਆਂ ਗਲੇਲਾਂ ਹੁੰਦੀਆਂ ਸੀ ਜੋ ਤੋਤੇ ਕਾਵਾਂ ਚਿੜੀਆਂ ਪੰਛੀਆਂ ਜੋ ਫਲ ਖਾਂਦੇ ਸੀ ਉਹਨਾਂ ਨੂੰ ਉਡਾਉਣ ਲਈ ਉਹਨਾਂ ਨੇ ਰੱਖੀਆਂ ਸੀ। ਅਸੀਂ ਕਦੀ ਚੋਰੀ ਚੋਰੀ ਅਮਰੂਦ ਖਾਣ ਉਦੋਂ ਇਸ ਨੂੰ ਸਾਡੀ ਭਾਸ਼ਾ ਵਿੱਚ ਡਾਕਾ ਕਹਿੰਦੇ ਸੀ, ਅਮਰੂਦਾਂ ਦਾ ਡਾਕਾ ਮਾਰਨ ਚਲੇ ਜਾਂਦੇ ਸਾਂ। ਕਈ ਵਾਰ ਰਾਖਾ ਵਾਕਿਫ ਹੋਣ ਕਰਕੇ ਜਾਂ ਤਰਸ ਕਰਕੇ ਇੱਕ ਦੋ ਮਰੂਦ ਵੈਸੇ ਖਾਣ ਲਈ ਦੇ ਦਿੰਦਾ ਸੀ।
ਮੈਨੂੰ ਯਾਦ ਹੈ ਸਾਡੇ ਪਿੰਡ ਅੱਡੇ ਉੱਤੇ ਛਿੰਦਾ ਅਮਰੂਦਾਂ ਵਾਲਾ ਉਹ ਰੇੜੀ ਲਾਉਂਦਾ ਹੁੰਦਾ ਸੀ। ਉਸਨੇ ਰੇੜੀ ਉੱਤੇ ਅਮਰੂਦ ਸਜਾਏ ਹੋਣੇ ਅਤੇ ਅਸੀਂ ਧੇਲੀ ਪੌਲੀ ਰੁਪਈਆ ਉਹਨਾਂ ਦਿਨਾਂ ਚ ਜੋ ਵੀ ਹੁੰਦਾ ਸੀ ਮੈਂ ਸਕੂਲੋਂ ਆ ਕੇ ਛਿੰਦੇ ਅਮਰੂਦਾਂ ਵਾਲੇ ਕੋਲ ਰੁਪਈਏ ਦੇ ਅਮਰੂਦ ਲੈ ਕੇ ਉਸ ਨੂੰ ਕਹਿਣਾ ਕਿ ਇਹਨੂੰ ਕਚਾਲੂਆਂ ਵਾਂਗ ਬਣਾ ਦੇ ਉਹ ਉਹਨਾਂ ਨੂੰ ਕੱਟ ਕੇ ਇੱਕ ਖੱਟੀ ਹੁੰਦੀ ਸੀ ਚਟਨੀ ਟਾਈਪ ਉਸ ਉੱਤੇ ਉਹ ਚਟਨੀ ਪਾ ਕੇ ਖੱਟਾ ਬਣਾਇਆ ਹੁੰਦਾ ਸੀ ਉਹਨਾਂ ਨੂੰ ਕੁੱਜੇ ਚ ਹਿਲਾ ਕੇ ਤੇ ਅਖਬਾਰ ਜਾਂ ਦੂਜੇ ਕਾਗਜ ਤੇ ਪਾ ਕੇ ਦੇ ਦਿੰਦਾ ਸੀ ਮੈਂ ਅਮਰੂਦਾਂ ਨਾਲ ਹੀ ਰੋਟੀ ਖਾ ਲੈਂਦਾ ਤਾਂ ਦੁਪਹਿਰ ਦੀ ਇਨੇ ਸਵਾਦ ਲੱਗਦੇ ਸੀ। ਇਹ ਤੇ ਬਾਅਦ ਚ ਹੁਣ ਪਤਾ ਲੱਗਾ ਵੀ ਅਮਰੂਦ ਬੜੇ ਹੈਲਦੀ ਹੁੰਦੇ ਸੀ।
ਹੁਣ ਛਿੰਦਾ ਸੁੱਖਾ ਦੀਪਾ ਇਹਨਾਂ ਦੀ ਜਗਹਾ ਰਾਮ ਸ਼ਾਮ ਦੀਪਕ ਇਹਨਾਂ ਨੇ ਸਾਰੇ ਕੰਮ ਸਾਂਭ ਲਏ ਹਨ ਪੰਜਾਬ ਦੇ ਪਿੰਡਾਂ ਚ ਵੀ ਤੇ ਸ਼ਹਿਰਾਂ ਚ ਵੀ।
ਤੇ ਇਹ ਛਿੰਦਾ ਸੁੱਖਾ ਦੀਪਾ ਦੇ ਮੁੰਡੇ ਯਾਰ ਤਾਂ ਨਸ਼ਿਆਂ ਚ ਜਾ ਚੁੱਕੇ ਹਨ ਜਾਂ ਪਿੰਡ ਵਿੱਚ ਹੁਣ ਕੰਮ ਨਹੀਂ ਕਰਦੇ ਜਾਂ ਕਿਤੇ ਵੀਜ਼ਾ ਏਜੰਸੀ ਏਜੰਟ ਦੇ ਪਿੱਛੇ ਘੁੰਮ ਰਹੇ ਹੋਣਗੇ ਤੇ ਹੁਣ ਫਲ ਫਰੂਟ ਮੇਰੇ ਪਿੰਡ ਵਿੱਚ ਰਾਮ ਸ਼ਾਮ ਦੀਪਕ ਵੇਚਦੇ ਨੇ ਇਹ ਹੈ ਫਰਕ ਮੇਰੇ ਪੰਜਾਬ ਦੇਸ਼ ਦਾ।


ਗੁਰਿੰਦਰ ਸਿੰਘ ਮਕਨਾ




# ਪਤਾ ਨਹੀਂ ਕਦੋਂ ਸਾਡੇ ਖ਼ੂਨ ਦੇ ਰਿਸ਼ਤੇ ਮੂੰਹ ਮੋੜ ਜਾਂਦੇ ਹਨ

ਉਨ ਕੇ ਆਨੇ ਸੇ ਜੋ ਆ ਜਾਤੀ ਹੈ ਮੂੰਹ ਪੇ ਰੌਨਕ
ਵੋਹ ਸਮਝਤੇ ਹੈਂ ਮਰੀਜ਼ ਕਾ ਹਾਲ ਅੱਛਾ ਹੈ

ਕਈ ਲੋਕ ਬਿਮਾਰ ਆਦਮੀ ਨਾਲ਼ ਗੱਲ ਕਰ ਕੇ ਅੱਧਾ ਦੁੱਖ ਦੂਰ ਕਰ ਦਿੰਦੇ ਹਨ। ਉਨ੍ਹਾਂ ਪਲਾਂ ਵਿੱਚ ਹਰ ਪੀੜ ਉੱਡ ਜਾਂਦੀ ਹੈ। ਮਰੀਜ਼ ਦੀ ਤੀਮਾਰਦਾਰੀ ਵੀ ਇੱਕ ਕਲਾ ਹੈ। ਕਈ ਲੋਕ ਬੜੇ ਠਰ੍ਹੰਮੇ ਨਾਲ਼ ਬਿਨਾ ਖਿਝ ਬਿਮਾਰ ਨੂੰ ਪੂਰੇ ਨਿੱਘ ਨਾਲ਼ ਸਾਂਭਦੇ ਹਨ। ਕੈਨੇਡਾ ਦੀਆਂ ਕਈ ਨਰਸਾਂ ਇਸ ਦੀ ਮਿਸਾਲ ਹਨ। ਪਰ ਕਈ ਵਾਰੀ ਬੱਸ ਗਲ਼ੋਂ ਗਲ਼ਾਮਾਂ ਲਾਹੁਣ ਵਾਂਗ ਖਿਝ ਕੇ ਹੀ ਪਾਣੀ ਦਾ ਗਲਾਸ ਫੜਾਉਂਦੇ ਹਨ। ਮਰੀਜ਼ ਨੂੰ ਲੋੜ ਹੁੰਦੀ ਹੈ ਪੂਰੀ ਅਪਣੱਤ ਦੀ, ਚੜ੍ਹਦੀ ਕਲਾ ਵਾਲ਼ੇ ਧਰਵਾਸ ਦੀ ਜਾਂ ਆ ਰਹੇ ਸਮੇਂ ਵਿੱਚ ਪਲ਼ਦੀ ਆਸ-ਕਿਰਨ ਜਤਾਉਣ ਦੀ। ਇੱਕ ਵਾਰੀ ਕਿਸੇ ਪ੍ਰੋਫੈਸਰ ਦਾ ਪੁੱਤਰ ਕਨੇਡਾ ਤੋਂ ਵਾਪਸ ਆ ਗਿਆ। ਰਾਹ ਵਿੱਚ ਕੁਛ ਗ਼ਲਤ ਖਾਣ ਕਰ ਕੇ ਪੇਟ ਖ਼ਰਾਬ ਹੋ ਗਿਆ। ਉਲਟੀਆਂ ਕਰੀ ਜਾਵੇ। ਓਹੜ ਪੋਹੜ ਕਰ ਕੇ ਵੀ ਜਦ ਠੀਕ ਨਾ ਹੋਇਆ ਤਾਂ ਹਸਪਤਾਲ ਦਾਖਲ ਕਰਵਾਇਆ। ਲੜਕਾ ਕਮਜ਼ੋਰ ਹੋ ਗਿਆ। ਦੋਸਤ ਮਿੱਤਰ ਜਾਣ ਪਛਾਣ ਪਤਾ ਲੈਣ ਆਏ ਕਈ ਸਲਾਹਾਂ ਦੀ ਲੜੀ ਲਾ ਜਾਣ। ਮੈਂ ਕਿਤੇ ਸੁਣਿਆ ਸੀ ਜੇ ਕਿਤੇ ਸਾਨੂੰ ਮਰੀਜ਼ ਮਿਲੇ ਤਾਂ ਸਭ ਡਾਕਟਰ ਬਣ ਕੇ ਟੱਕਰਦੇ ਨੇ ਤੇ ਜੇ ਡਾਕਟਰ ਮਿਲ ਜੇ ਸਭ ਮਰੀਜ਼ ਹੋ ਖੜ੍ਹਦੇ ਹਨ। ਸਭ ਦੀਆਂ ਗੱਲਾਂ ਸੁਣ ਪ੍ਰੋਫੈਸਰ ਦਾ ਟੱਬਰ ਪੂਰੀ ਚਿੰਤਾ ਵਿੱਚ ਦੁਆਲ਼ੇ ਮੰਡਰਾ ਰਹੀਆਂ ਅਨੇਕ ਅਲਾਮਤਾਂ ਬਾਰੇ ਸੋਚਣ ਲੱਗਿਆ। ਡਾਕਟਰਾਂ ਨੇ ਪੂਰੇ ਸਰੀਰ ਦਾ ਮੁਆਇਨਾ ਕਰ ਧਰਿਆ। ਮੁੰਡੇ ਦੀ ਸਿਹਤ ਅਤੇ ਸਭ ਦੀ ਜੇਬ ਨੂੰ ਪੂਰਾ ਘਾਟਾ ਪੈ ਰਿਹਾ ਸੀ। ਪੇਟ ਦੇ ਮਾਹਿਰ ਡਾਕਟਰ ਨੇ ਦਵਾਈ ਬਦਲੀ, ਮੁੰਡਾ ਨੌਂ-ਬਰ-ਨੌਂ ਹੋ ਗਿਆ। ਜਦ ਕੋਈ ਮੰਜੇ ਤੇ ਪਿਆ ਵਿਲਕਦਾ ਹੋਵੇ ਉਸ ਨੂੰ ਹੋਰਨਾਂ ਦੀਆਂ ਹੋਈਆਂ-ਬੀਤੀਆਂ ਸੁਣ ਕੇ ਹੌਲ ਪੈਣ ਲਗਦਾ ਹੈ। ਮੰਜੇ ਤੇ ਪਏ ਨੂੰ ਪੂਰਾ ਸੰਸਾਰ ਹੀ ਨਾਸ਼ਵਾਨ ਨਜ਼ਰ ਆਉਂਦਾ ਹੈ। ਕਿਹਾ ਜਾਂਦਾ ਹੈ ਕਿ ਤੰਦਰੁਸਤੀ ਬਹੁਤ ਵੱਡਾ ਵਰਦਾਨ ਹੈ। ਮੈਨੂੰ ਕੈਨੇਡਾ ਦੀ ਇੱਕ ਬਜ਼ੁਰਗ ਮਰੀਜ਼ ਨੇ ਇੱਕ ਹੋਈ-ਬੀਤੀ ਸੁਣਾਈ ਕਿ ਰਾਤ ਦੇ ਦੋ ਵਜੇ ਮੈਂ ਵਿੱਚ ਪਿਸ਼ਾਬ ਕਰ ਕੇ ਬਿਸਤਰਾ ਗਿੱਲਾ ਕਰ ਲਿਆ। ਨਰਸ ਨੇ ਮੈਨੂੰ ਬੱਚੇ ਵਾਂਗ ਸਾਂਭਿਆ। ਪਹਿਲਾਂ ਮੈਨੂੰ ਨਵ੍ਹਾ ਕੇ ਮੇਰੇ ਕੱਪੜੇ ਬਦਲੇ, ਮੇਰਾ ਬਿਸਤਰਾ ਬਦਲਿਆ। ਫਿਰ ਮੇਰੇ ਹੱਥਾਂ ਪੈਰਾਂ ਤੇ ਕਰੀਮ ਲਾ ਕੇ ਮੇਰਾ ਸਿਰ ਵਾਹਿਆ। ਮਾਂ ਤੇ ਬੱਚੇ ਵਾਂਗ ਉਹ ਮੇਰਾ ਮੂੰਹ ਸਿਰ ਚੋਪੜ ਰਹੀ ਸੀ। ਮੈਨੂੰ ਲੱਗਿਆ ਮੇਰੇ ਆਪਣੇ ਜੰਮੇ ਬੱਚੇ ਕਿਤੇ ਹੋਰ ਬੈਠੇ ਹਨ ਪਰ ਇਹ ਮੇਰਾ ਕਿੰਨਾ ਖਿਆਲ ਕਰ ਰਹੀ ਹੈ। ਉਸ ਸਮੇ ਮੇਰੇ ਮਨ ਵਿੱਚ ਖਿਆਲ ਆਇਆ ਕਿ ਉਮਰ ਦੇ ਇਸ ਪੜਾਅ ਤੇ ਇਹ ਮੇਰਾ ਕਿੰਨਾ ਵਧੀਆ ਖਿਆਲ ਰੱਖ ਰਹੀ ਹੈ। ਚਾਹੇ ਇਹ ਇਸ ਦਾ ਕਿੱਤਾ ਹੈ ਪਰ ਐਨੀ ਅਪਣੱਤ ਨਾਲ਼, ਨਿੱਘ ਅਤੇ ਠਰ੍ਹੰਮੇਂ ਨਾਲ਼ ਮੈਨੂੰ ਜਿਉਣ ਜੋਗਾ ਧਰਵਾਸ ਦੇ ਰਹੀ ਹੈ। ਮੈਂ ਉਸ ਦੀ ਲੁਗ-ਲੁਗ ਕਰਦੀ ਬਾਂਹ ਪਿਆਰ ਨਾਲ਼ ਫੜੀ, ਆਪਣੀ ਰਸ-ਮੋੜ ਬਾਂਹ ਵਿੱਚੋਂ ਚੂੜੀ ਲਾਹ ਕੇ ਉਸ ਦੇ ਪਾ ਦਿੱਤੀ। ਉਹ ਵਾਰ-ਵਾਰ ਨਾਂਹ ਕਰਦੀ ਰਹੀ, ਪਰ ਮੈਂ ਜਿਵੇਂ ਉਸ ਦਾ ਕਰਜ਼ ਉਤਾਰ ਰਹੀ ਹੋਵਾਂ। ਮੇਰੀਆਂ ਅੱਖਾਂ ਵਹਿ ਤੁਰੀਆਂ। ਉਸ ਦੀਆਂ ਧੰਨਵਾਦੀ ਨਜ਼ਰਾਂ ਸਾਹਮਣੇ ਮੈਂ ਆਪਣੇ ਆਪ ਨੂੰ ਭਾਗਾਂ ਵਾਲ਼ੀ ਸਮਝ ਰਹੀ ਸੀ। ਮੈਂ ਸੋਚਦੀ ਰਹੀ ਅਸੀਂ ਮੇਰ-ਤੇਰ ਕਰਦੇ ਹੀ ਅਜਿਹੀਆਂ ਦੁਆਵਾਂ ਤੋਂ ਉੱਕ ਜਾਂਦੇ ਹਾਂ। ਪਤਾ ਨਹੀਂ ਕਦੋਂ ਸਾਡੇ ਖ਼ੂਨ ਦੇ ਰਿਸ਼ਤੇ ਮੂੰਹ ਮੋੜ ਜਾਂਦੇ ਹਨ ਤੇ ਇਹ ਵੀ ਪਤਾ ਨਹੀਂ ਕੌਣ ਬਿਪਤਾ ਸਮੇਂ ਸਾਡੀ ਬਾਂਹ ਆ ਫੜਦਾ ਹੈ। ਅੱਛਾਈ ਪੂਰੀ ਤਰ੍ਹਾਂ ਕਦੇ ਖ਼ਤਮ ਨਹੀਂ ਹੁੰਦੀ। ਸਿਆਣੇ ਆਖਦੇ ਨੇ ਧਰਤੀ ਤਾਂ ਹੀ ਬਚੀ ਹੋਈ ਹੈ।



bridgeport
CHESTERMERE
SHOWHOMES
NOW OPEN
SHOWHOME
ਇੱਥੇ ਆਕੇ ਸਾਡੇ ਸ਼ੋਅ ਹੋਮਜ ਦੇਖੋ
Bridgeport Gate
Bridgeport Glen
Bridgeport St
Bridgeport Ave
201
Chestermere
Laned & Laned Duplexes
Broadview Homes
533 & 537 Bridgeport St
Truman
549 & 553 Bridgeport St
Trico Homes
541 & 545 Bridgeport St
Shane Homes
557 & 561 Bridgeport St
Front Garage
NuVista Homes
404 Bridgeport Glen
Sterling Homes
408 Bridgeport Glen
ਚੈਸਟਰਮੇਅਰ ਦੇ ਪੱਛਮੀ ਸਿਰੇ 'ਤੇ ਸਥਿਤ, ਇਹ ਭਾਈਚਾਰਾ ਸ਼ਾਂਤ ਝੀਲਾਂ ਦੇ ਨੇੜੇ ਰਹਿਣ-ਸਹਿਣ ਅਤੇ ਸਮਕਾਲੀ ਸ਼ਹਿਰੀ ਸਹੂਲਤ ਦਾ ਇੱਕ ਵਿਲੱਖਣ ਸੰਤੁਲਨ ਪੇਸ਼ ਕਰਦਾ ਹੈ। ਬ੍ਰਿਜਪੋਰਟ ਕੈਲਗਰੀ ਸ਼ਹਿਰ ਅਤੇ ਚੈਸਟਰਮੇਅਰ ਸ਼ਹਿਰ ਦੇ ਵਿਚਕਾਰ ਇੱਕ ਪ੍ਰਵੇਸ਼ ਦੁਆਰ ਵੱਜੋਂ ਭਾਈਚਾਰੇ ਦੀ ਭੂਮਿਕਾ ਦਾ ਲਾਭ ਉਠਾਉਂਦਾ ਹੈ, ਜਦੋਂ ਕਿ ਕੁਦਰਤੀ ਆਲੇ ਦੁਆਲੇ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਕਰਦਾ ਹੈ
liveinbridgeport.com
LANED DUPLEXES
from the mid
$500s
LANED HOMES
from the high
$500s
FRONT GARAGE HOMES
from the mid
$700s
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities



ਆਖਿਰੀ ਫੇਸ,
ਹਮੇਸ਼ਾ ਰਹਿਣ ਵਾਲਾ ਘਰ.
Ambleton Blvd
24 St NW
144 Ave NW
ਫੇਸ 7 ਹੁਣ ਖੁੱਲਾ ਹੈ
ਐਂਬਲਟਨ ਦੇ ਜੀਵੰਤ ਉੱਤਰੀ-ਪੱਛਮੀ ਭਾਈਚਾਰੇ ਵਿੱਚ ਇਸ ਦਿਲਚਸਪ ਨਵੇਂ ਪੜਾਅ ਦੀ ਖੋਜ ਕਰੋ! ਇਸ ਸ਼ਾਂਤਮਈ ਐਨਕਲੇਵ ਵਿੱਚ ਵਾਕਆਊਟ ਲਾਟ, ਇੱਕ ਭਵਿੱਖੀ ਸਕੂਲ ਸਾਈਟ, ਵਿਸ਼ਾਲ ਖੇਡ ਦੇ ਮੈਦਾਨ, ਅਤੇ ਬਾਹਰ ਦਾ ਆਨੰਦ ਲੈਣ ਲਈ ਹਰੇ ਭਰੇ ਖੇਤਰ ਹਨ। ਵਿਸ਼ਾਲ ਭਾਈਚਾਰੇ ਵਿੱਚ 3 ਖੇਡ ਦੇ ਮੈਦਾਨ, ਇੱਕ ਸੁਰੱਖਿਅਤ ਅਤੇ ਸੁੰਦਰ ਮਾਰਗ ਪ੍ਰਣਾਲੀ, ਅਤੇ ਪਰਿਵਾਰ ਅਤੇ ਦੋਸਤਾਂ ਨਾਲ ਇਕੱਠੇ ਹੋਣ ਲਈ ਹੋਰ ਵੀ ਹਰੀ ਜਗ੍ਹਾ ਹੈ।
ਐਂਬਲਟਨ ਦੇ ਅੰਤਿਮ ਪੜਾਅ ਵਿੱਚ ਇੱਕ ਚੰਗੀ ਤਰ੍ਹਾਂ ਸਥਾਪਿਤ ਭਾਈਚਾਰੇ ਦੀਆਂ ਸਾਰੀਆਂ ਸਹੂਲਤਾਂ ਦੇ ਵਿਚਕਾਰ ਆਪਣਾ ਸੰਪੂਰਨ ਘਰ ਲੱਭੋ!
liveinambleton.com
· Sterling Homes · Jayman BUILT · Trico Homes
· Shane Homes · Broadview Homes
Front Garage
FROM THE MID
$700s
Laned Homes
FROM THE HIGH
$500s
Ambleton
A Qualico Community
QUALICO communities
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.


Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1


ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਂਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8


Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5


Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038




# ਭਾਰਤੀ ਹਮਲੇ ’ਚ ਮਸੂਦ ਅਜ਼ਹਰ ਦਾ ਪਰਿਵਾਰ ‘ਟੁਕੜੇ-ਟੁਕੜੇ’ ਹੋਇਆ: ਜੈਸ਼ ਕਮਾਂਡਰ

ਅਫਗਾਨਿਸਤਾਨ (ਪੰਜਾਬੀ ਅਖਬਾਰ ਬਿਊਰੋ) – ਜੈਸ਼-ਏ-ਮੁਹੰਮਦ ਦੇ ਇੱਕ ਕਮਾਂਡਰ ਨੇ ਕਬੂਲਿਆ ਕਿ ਸੱਤ ਮਈ ਨੂੰ ਪਾਕਿਸਤਾਨ ਦੇ ਬਹਾਵਲਪੁਰ ਸਥਿਤ ਸੰਗਠਨ ਦੇ ਮੁੱਖ ਦਫਤਰ ’ਤੇ ਭਾਰਤੀ ਮਿਜ਼ਾਈਲ ਹਮਲਿਆਂ ਵਿੱਚ ਅਤਿਵਾਦੀ ਸਮੂਹ ਦੇ ਮੁਖੀ ਮਸੂਦ ਅਜ਼ਹਰ ਦੇ ਪਰਿਵਾਰ ਨੂੰ ’ਟੁਕੜੇ-ਟੁਕੜੇ’ ਕਰ ਦਿੱਤਾ ਗਿਆ।

ਇੱਕ ਯੂਟਿਊਬ ਚੈਨਲ ’ਤੇ ਅਪਲੋਡ ਕੀਤੇ ਗਏ ਇੱਕ ਵੀਡੀਓ ਵਿੱਚ ਜੈਸ਼-ਏ-ਮੁਹੰਮਦ ਦੇ ਕਮਾਂਡਰ ਇਲਿਆਸ ਕਸ਼ਮੀਰੀ ਨੂੰ ਭਾਰਤੀ ਹਮਲੇ ਵਿਰੁੱਧ ਜ਼ਹਿਰ ਉਗਲਦੇ ਸੁਣਿਆ ਜਾ ਸਕਦਾ ਹੈ, ਜਿਸ ਵਿੱਚ ਅਜ਼ਹਰ ਦੇ ਪਰਿਵਾਰ ਦੇ ਮੈਂਬਰ ਮਾਰੇ ਗਏ ਸਨ।ਇਹ ਵੀਡੀਓ 6 ਸਤੰਬਰ ਨੂੰ ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਹੋਏ ਮਿਸ਼ਨ ਮੁਸਤਫਾ ਕਾਨਫਰੰਸ ਦਾ ਦੱਸਿਆ ਜਾ ਰਿਹਾ ਹੈ।

ਕਈ ਬੰਦੂਕਧਾਰੀਆਂ ਦੇ ਵਿਚਕਾਰ ਖੜ੍ਹੇ ਜੈਸ਼ ਕਮਾਂਡਰ ਨੇ ਕਿਹਾ, ਇਸ ਦੇਸ਼ ਦੀਆਂ ਵਿਚਾਰਧਾਰਕ ਅਤੇ ਭੂਗੋਲਿਕ ਸੀਮਾਵਾਂ ਦੀ ਰੱਖਿਆ ਲਈ, ਅਸੀਂ ਦਿੱਲੀ, ਕਾਬੁਲ ਅਤੇ ਕੰਧਾਰ ’ਤੇ ਹਮਲਾ (ਜੇਹਾਦ) ਕੀਤਾ ਅਤੇ ਸਭ ਕੁਝ ਕੁਰਬਾਨ ਕਰਨ ਤੋਂ ਬਾਅਦ 7 ਮਈ ਨੂੰ ਬਹਾਵਲਪੁਰ ਵਿੱਚ ਮੌਲਾਨਾ ਮਸੂਦ ਅਜ਼ਹਰ ਦੇ ਪਰਿਵਾਰਕ ਮੈਂਬਰਾਂ ਨੂੰ (ਭਾਰਤੀ ਹਮਲਿਆਂ ਵਿੱਚ) ਟੁਕੜੇ-ਟੁਕੜੇ ਕਰ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ 22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਅਤਿਵਾਦੀਆਂ ਵੱਲੋਂ 26 ਲੋਕਾਂ ਦੀ ਹੱਤਿਆ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਵਧ ਗਿਆ। ਪਹਿਲਗਾਮ ਕਤਲੇਆਮ ਦੇ ਜਵਾਬ ਵਿੱਚ ਭਾਰਤੀ ਹਥਿਆਰਬੰਦ ਬਲਾਂ ਨੇ 7 ਮਈ ਨੂੰ ‘ਆਪ੍ਰੇਸ਼ਨ ਸਿੰਦੂਰ’ ਦੇ ਤਹਿਤ ਬਹਾਵਲਪੁਰ ਵਿੱਚ ਜੈਸ਼-ਏ-ਮੁਹੰਮਦ ਦੇ ਗੜ੍ਹ ਸਮੇਤ ਵੱਖ-ਵੱਖ ਅਤਿਵਾਦੀ ਕੈਂਪਾਂ ’ਤੇ ਮਿਜ਼ਾਈਲ ਹਮਲੇ ਕੀਤੇ।









ਤੁਹਾਡੀ ਆਵਾਜ਼ ਕੌਂਸਲ 'ਚ -

- 17 ਐਵੇਨਿਊ / ਚੈਸਟਰਮੀਅਰ ਬੁਲਵਾਰਡ ਦੇ ਟਵਿੰਨਿੰਗ ਦਾ ਕੰਮ – ਡਿਜ਼ਾਈਨ ਇਸ ਸਾਲ ਸ਼ੁਰੂ, ਨਿਰਮਾਣ 2026 ਵਿੱਚ ਸ਼ੁਰੂ ਹੋਵੇਗਾ।
- ਨਵੇਂ K-9 ਸਕੂਲਾਂ ਲਈ ਫੰਡ ਪ੍ਰਾਪਤ ਕੀਤੇ, ਨਵੇਂ ਹਾਈ ਸਕੂਲ ਲਈ ਫੰਡਾਂ ਨੂੰ ਮਨਜ਼ੂਰੀ ਦਿੱਤੀ ਗਈ।
- ਡਾਸਨ ਲੈਂਡਿੰਗ ਵਿੱਚ ਨਿਊ ਚੈਸਟਰਮੇਅਰ ਰਿਕਰੀਏਸ਼ਨ ਸੈਂਟਰ ਲਈ ਜ਼ਮੀਨ ਪ੍ਰਾਪਤ ਕੀਤੀ।
- ਪਾਰਕਾਂ ਵਿੱਚ ਬੈਂਚ ਲਗਾਏ ਗਏ ਹਨ। ਅਗਲੇ ਸਾਲ ਹੋਰ ਬੈਂਚ ਅਤੇ ਗਜ਼ੀਬੋ ਲਗਾਏ ਜਾਣਗੇ।
- ਰੇਨਬੋ ਰੋਡ ਨੌਰਥ ਦੀ ਮੁਰੰਮਤ ਅਤੇ ਮੁੜ ਖੋਲ੍ਹਣ ਦਾ ਕੰਮ ਇਸ ਸਾਲ ਦੇ ਅੰਤ ਤੱਕ ਪੂਰਾ ਹੋ ਜਾਵੇਗਾ।
- ਚੈਸਟਰਮੇਅਰ ਵਿੱਚ ਆ ਰਿਹਾ ਬੀਕਨ ਡੇਟਾ ਸੈਂਟਰ 300 ਸਥਾਈ ਨੌਕਰੀਆਂ ਅਤੇ 1200 ਉਸਾਰੀ ਨੌਕਰੀਆਂ ਲਿਆ ਰਿਹਾ ਹੈ।

RE-ELECT
KIRAN RANDHAWA
FOR CITY COUNCIL

20TH OCTOBER 8:00AM-8:00PM

Advance Polling:
Oct 11 12:00 PM-8:00 PM
Oct 17 5:00 PM-8:00 PM
Oct 18 12:00 PM-8:00 PM

www.kiranrandhawa.ca

Authorized by the registered agent for the Kiran Randhawa Campaign office





MIDWEST DIESEL REPAIR INC.
Midwest Truck Parts
Gurprit Gill (Sony)
We Service all Makes of Semi Trucks and Trailers
ਸੈਮੀ ਟਰੱਕਾਂ ਅਤੇ ਟਰੇਲਰਾਂ ਦੇ ਐਕਸਲ ਸਪਿੰਡਲ ਵੀ ਰਿਪੇਅਰ ਕਰਦੇ ਹਾਂ
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
- Wheel Alignment • Differential • Rebuilt
- Engine-Transmission • Heating and Air Conditioning

1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca





BOOK PLANET
POOHLA
ਇਤਿਹਾਸ, ਸਾਹਿਤ, ਕਵਿਤਾਵਾਂ ਨਾਵਲ, ਕਹਾਣੀਆਂ
ਕਿਸੇ ਵੀ ਤਰ੍ਹਾਂ ਦੀਆਂ ਕਿਤਾਬਾਂ ਖਰੀਦਣ ਲਈ ਹੁਣੇ ਆਰਡਰ ਕਰੋ
ਦੇਸ਼ ਵਿਦੇਸ਼ ਵਿੱਚ ਬੈਠੇ ਕਿਤੇ ਵੀ ਮੰਗਵਾਓ ਕਿਤਾਬਾਂ
ਬਹੁਤ ਹੀ ਘੱਟ ਖਰਚਾ
https://vrke.in/
Order Now
+91 94175 25762





CAM TRANSPORT
REGINA, SK
Currently Hiring Drivers and Owner Operators for Canada (Prairies) and USA Runs.
- Must Have-Clean Driver Abstract
- Clear Criminal Record

ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ

Cam Transport Offers:
- Great Pay, Steady Miles,
- Dedicated Work
- Dedicated trucks for drivers
- Every Weekend Home
- Excellent Equipments
- Paid Layover

Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1





DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
- New Automatic Trucks
- City Work
- Long Haul US- Canada Runs
- Dedicated Runs
- Great Miles Rate

Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com





SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141





ONE-STOP TRUCK SALES
ਘੱਟ ਰੇਟ ਉੱਪਰ ਕੁੱਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
YOUR ONE STOP SHOP FOR TRUCK SALES AND FINANCING
ਵਨ-ਸਟਾਪ ਟਰੱਕ ਸੇਲਜ਼ ਵਾਲੇ ਹੀ ਤੁਹਾਨੂੰ ਬਣਾ ਸਕਦੇ ਹਨ ਹੈਵੀ ਡਿਊਟੀ ਟਰੱਕ ਟਰੇਲਰ, ਟਰੱਕ ਦੇ ਮਾਲਕ
Davinder Gill & Jatinder Gill
306 490 2205, 306 880 3869
56 Bryan Bay, Rosser, MB R3C 2E6
Office: 204-987-7300
Mob. 204-396-5404
Email: admin@onestoptrucksales.com

# ਗਰਮੀਆਂ ਦੀ ਬੱਚਤ ਈਵੈਂਟ ਹੁਣ ਚਾਲੂ ਹੈ






SOUTH POINT
A MASTER PLANNED COMMUNITY

## ਨਵੇਂ ਮਾਡਰਨ ਡਬਲ ਫਰੰਟ ਗੈਰਾਜ ਵਾਲੇ ਘਰ

## ਹੁਣ ਵੇਚ ਰਹੇ ਹਾਂ

ਥੋੜੇ ਹੀ ਘਰ ਬਾਕੀ ਹਨ

ਸਾਡੇ ਸ਼ਾਨਦਾਰ ਫਰੰਟ-ਅਟੈਚਡ ਗੈਰੇਜ ਘਰਾਂ ਦੇ ਨਾਲ ਸਾਊਥ ਪੁਆਇੰਟ ਵਿੱਚ ਸਮਕਾਲੀ ਰਹਿਣ ਦਾ ਅਨੁਭਵ ਕਰੋ। ਸੋਚ-ਸਮਝ ਕੇ ਡਿਜ਼ਾਈਨ ਕੀਤੇ ਗਏ, ਇਹ ਘਰ ਸ਼ੈਲੀ ਅਤੇ ਕਾਰਜਸ਼ੀਲਤਾ ਨੂੰ ਜੋੜਦੇ ਹਨ, ਜਿਸ ਵਿੱਚ ਸ਼ਾਮਲ ਹਨ:

- ਖੁੱਲ੍ਹੇ-ਸੰਕਲਪ ਵਾਲੇ ਲੇਆਉਟ
- ਸ਼ਾਨਦਾਰ ਫਿਨਿਸ਼
- ਪਰਿਵਾਰਾਂ ਲਈ ਸੰਪੂਰਨ ਵਿਸ਼ਾਲ ਅੰਦਰੂਨੀ ਹਿੱਸੇ

ਜੁੜਵੇਂ ਗੈਰਾਜ ਇੱਕ ਸ਼ਾਨਦਾਰ ਸੁੱਖ-ਸਹੂਲਤ ਅਤੇ ਆਧੁਨਿਕ ਬਾਹਰੀ ਦਿੱਖ ਪ੍ਰਦਾਨ ਕਰਦੇ ਹਨ। ਨੇੜਲੇ ਪਾਰਕਾਂ, ਸਕੂਲਾਂ ਅਤੇ ਖਰੀਦਦਾਰੀ ਵਾਲੇ ਇੱਕ ਜੀਵੰਤ ਭਾਈਚਾਰੇ ਵਿੱਚ ਸਥਿਤ, ਇਹ ਘਰ ਆਰਾਮ ਅਤੇ ਪਹੁੰਚਯੋਗਤਾ ਦਾ ਸੰਪੂਰਨ ਮਿਸ਼ਰਣ ਪ੍ਰਦਾਨ ਕਰਦੇ ਹਨ।

ਹੋਰ ਜਾਣਕਾਰੀ ਲਈ ਰਜਿਸਟਰ ਕਰੋ:
VESTASOUTHPOINT.COM

VESTA PROPERTIES

Built by Vesta – Over 7,000 homes delivered across Alberta and BC.
Renderings are an artist's conception and are intended as a general reference only.

1601-201 Cooperswood Green SW, Airdrie
587.674.3438 | southpoint@vestaproperties.com



BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com




Vermilion Hill
New Phase Now Selling
ਸਾਊਥ ਵੈਸਟ ਕੈਲਗਰੀ ਵਿੱਚ ਨਵਾਂ ਨਕੋਰ ਭਾਈਚਾਰਾ
ਵਰਮਿਲੀਅਨ ਹਿੱਲ ਦੇ ਫੇਜ਼ 4 ਵਿੱਚ ਦਿਲਚਸਪ ਘਰੇਲੂ ਵਿਕਲਪ ਹਨ ਭਵਿੱਖ ਦੇ ਸਕੂਲ ਸਾਈਟ ਦੇ ਨਾਲ ਲੱਗਦੇ ਖੇਡ ਦੇ ਮੈਦਾਨਾਂ ਵਿੱਚ ਚੁਣੇ ਹੋਏ ਲਾਟ ਹਨ। ਇਸ ਸ਼ਾਨਦਾਰ ਸਾਊਥ-ਵੈਸਟ ਭਾਈਚਾਰੇ ਵਿੱਚ ਆਪਣੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਨਵੇਂ ਸ਼ੋਅ ਹੋਮਾਂ ਵਿੱਚੋਂ ਇੱਕ 'ਤੇ ਜਾਓ ਜੋ ਕੈਲਗਰੀ ਦੇ ਸ਼ਹਿਰ ਅਤੇ ਰੌਕੀ ਪਹਾੜਾਂ ਦੇ ਸ਼ਾਨਦਾਰ ਦ੍ਰਿਸ਼ ਪੇਸ਼ ਕਰਦਾ ਹੈ।
ਟਾਊਨ ਹੋਮਜ From the Mid $500s
ਲੇਨਡ ਹੋਮਜ From the Low $600s
ਫਰੰਟ ਗੈਰਾਜ ਹੋਮਜ From the Mid $700s
Award-Winning Builders
• NuVista Homes • Genesis Builders • Shane Homes
• Homes by Avi • Sterling Homes • Broadview Homes
ਆਪਣੀ ਲਾਟ ਲੱਭੋ!
liveinvermilionhill.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




ਚੈਸਟਰਮੀਅਰ ਵਿੱਚ ਅਜਿਹਾ ਭਾਈਚਾਰਾ ਜਿੱਥੇ ਤੁਹਾਨੂੰ ਆਪਣਾ ਘਰ ਕਹਿਣ 'ਤੇ ਮਾਣ ਹੋਵੇਗਾ
ਝੀਲ ਦੇ ਕਿਨਾਰੇ ਸਥਿੱਤ ਸ਼ਹਿਰ ਚੈਸਟਰਮੇਰ ਵਿੱਚ, ਡਾਸਨਜ਼ ਲੈਂਡਿੰਗ ਇੱਕ ਸਥਾਪਿਤ ਭਾਈਚਾਰਾ ਹੈ ਜੋ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਭਾਈਚਾਰੇ ਦੇ 5 ਪਾਰਕਾਂ ਵਿੱਚੋਂ ਇੱਕ ਵਿੱਚ ਦੋਸਤਾਂ ਨਾਲ ਇਕੱਠੇ ਹੋਵੋ, ਖੇਡ ਦੇ ਮੈਦਾਨ ਵਿੱਚ ਇੱਕ ਦੁਪਹਿਰ ਬਿਤਾਓ, ਬਾਸਕਟਬਾਲ ਪੈਡ 'ਤੇ ਕੁੱਝ ਹੂਪਸ ਸ਼ੂਟ ਕਰੋ, ਜਾਂ ਸੁੰਦਰ ਮਾਰਗ ਪ੍ਰਣਾਲੀ ਦੇ ਨਾਲ ਸੈਰ ਕਰੋ। ਨੇੜਲੇ ਭਵਿੱਖ ਲਈ ਯੋਜਨਾਬੱਧ ਇੱਕ ਡੌਗ ਪਾਰਕ ਅਤੇ ਈਕੋ ਪਾਰਕ ਦੇ ਨਾਲ, ਡਾਸਨਜ਼ ਲੈਂਡਿੰਗ ਸੱਚਮੁੱਚ ਆਰਾਮ ਅਤੇ ਸਹੂਲਤ ਦਾ ਸੰਪੂਰਨ ਸੁਮੇਲ ਪੇਸ਼ ਕਰਦਾ ਹੈ।
• Broadview Homes • Sterling Homes • NuVista Homes
• Truman Homes • Trico Homes • Genesis Builders
DAWSON'S LANDING CHESTERMERE
ਬੰਗਲੋ ਘਰ
ਫਰੰਟ ਗੈਰਾਜ ਡੁਪਲੈਕਸ
ਸਿੰਗਲ ਫਰੰਟ ਗੈਰਾਜ ਘਰ
Introducing Semi-Estates
/ Wide Lots* / Triple Garages / Walkout Homes / Mountain Views
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




paintedskyinlangdon.com
ਨਵਾਂ ਫੇਸ ਉਹੀ ਅਸਮਾਨ
ਫੇਸ 2 ਹੁਣ ਵੇਚਿਆ ਜਾ ਰਿਹਾ ਹੈ !
ਪੇਂਟਡ ਸਕਾਈ ਵਿੱਚ ਤੁਹਾਡਾ ਸਵਾਗਤ ਹੈ, ਜੋ ਕਿ ਲੈਂਗਡਨ ਦੇ ਪ੍ਰੇਰੀ ਪਿੰਡ ਵਿੱਚ ਇੱਕ ਵਧੀਆ ਜਿੰਦਗੀ ਜਿਓਣ ਵਾਲਾ ਭਾਈਚਾਰਾ ਹੈ, ਜਿੱਥੇ ਛੋਟੇ-ਛੋਟੇ ਸ਼ਹਿਰ ਦਾ ਸੁਹਜ ਆਧੁਨਿਕ ਸਹੂਲਤਾਂ ਨੂੰ ਪੂਰਾ ਕਰਦਾ ਹੈ। ਕੈਲਗਰੀ ਤੋਂ ਸਿਰਫ਼ 20 ਮਿੰਟ ਦੀ ਦੂਰੀ 'ਤੇ, ਪੇਂਟਡ ਸਕਾਈ ਵਿੱਚ ਪਰਿਵਾਰਾਂ ਲਈ ਤਿਆਰ ਕੀਤੇ ਗਏ ਵੱਡ ਅਕਾਰੀ ਘਰ ਹਨ। ਪੇਂਟਡ ਸਕਾਈ ਵਿਖੇ ਭਾਈਚਾਰਕ ਅਤੇ ਸਹੂਲਤ ਦੇ ਸੰਪੂਰਨ ਸੰਤੁਲਨ ਵਾਲਾ ਘਰ ਲੱਭੋ।
BUNGALOW HOMES FROM THE LOW $700s
FRONT GARAGE HOMES FROM THE MID $700s
PAINTED SKY LANGDON
First community park/playground is now open!
New amenities: IGA, Dollarama, McDonald's, & more coming soon!
Everything within walking distance of your new home!
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities